# ਸਿੱਖਿਆ ਦੀ ਜ਼ਿਲ੍ਹਾ ਸੂਚਨਾ ਪ੍ਰਣਾਲੀ

ਹਦਾਇਤ ਪੁਸਤਿਕਾ : ਸਕੂਲ ਸੂਚਨਾ ਅਨੁਸੂਚੀ

(1) ਇਹ ਸੂਚਨਾ ਸਾਰੇ ਸਰਕਾਰੀ, ਪ੍ਰਮਾਣਿਤ, ਗਰਾਂਟ-ਸ਼ੁਦਾ ਪ੍ਰਾਈਵੇਟ ਸਕੂਲਾਂ, ਕੇਂਦਰੀ ਵਿਦਿਆਲਿਆਂ, ਹਵਾਈ ਸੈਨਾਂ ਦੇ ਸਕੂਲਾਂ, ਮੰਨਜੂਰਸ਼ੁਦਾ ਸਕੂਲ ਜਿਹੜੇ ਆਈ.ਸੀ.ਐਸ.ਈ., ਸੀ.ਬੀ.ਐਸ.ਈ. ਸਿਲੇਬਸ ਅਨੁਸਾਰ ਚੱਲ ਰਹੇ ਹਨ ਅਤੇ ਸਾਰੇ **ਅਨਰੈਕੋਗਨਾਈਜ਼** ਸਕੂਲਾਂ ਤੋਂ ਇਕੱਤਰ ਕੀਤੀ ਜਾਵੇ।

(2) ਸੂਚਨਾ ਸਕੂਲ ਵਿਚ ਚੱਲ ਰਹੀਆਂ ਸਾਰੀਆਂ ਜਮਾਤਾਂ ਦੇ ਸਬੰਧ ਵਿੱਚ ਦਿੱਤੀ ਜਾਵੇ।

(3) ਕੇਵਲ ਸਕੂਲ ਦੇ ਰਜਿਸਟਰਾਂ ਮੁਤਾਬਕ ਦਰੁਸਤ ਅਤੇ ਸਹੀ ਸੂਚਨਾ ਹੀ ਡੀ.ਸੀ.ਐਫ. (ਡਾਟਾ ਕੈਪਚਰ ਫੋਰਮੈਟ) ਵਿੱਚ ਅੰਕਿਤ ਕੀਤੀ ਜਾਣੀ ਚਾਹੀਦੀ ਹੈ।

(4) ਸੂਚਨਾ (ਡਾਟਾ) ਹਰ ਸਾਲ 30 ਸਤੰਬਰ ਦੀ ਪੋਜੀਸ਼ਨ ਦਰਸਾਉਂਦੀ ਹੋਣੀ ਚਾਹੀਦੀ ਹੈ ਸਿਵਾਏ ਉਹਨਾਂ ਮੱਦਾਂ ਦੇ ਜਿਹਨਾਂ ਲਈ ਖਾਸ ਤੌਰ ਤੇ ਇਹ ਕਿਹਾ ਗਿਆ ਹੈ ਕਿ ਉਹ ਪਿਛਲੇ ਵਿਦਿਅਕਸਾਲ ਜਾਂ ਚਾਲੂ ਵਿਦਿਅਕ ਸਾਲ ਤੇ ਅਧਾਰਤ ਹੋਣੀਆਂ ਚਾਹੀਦੀਆਂ ਹਨ। ਮਾਲੀ ਆਧਾਰ ਸਮੱਗਰੀ 1 ਅਪ੍ਰੈਲ ਤੋਂ 31 ਮਾਰਚ ਤੀਕ ਹਰ ਪੂਰੇ ਹੋਏ ਸਾਲ ਲਈ ਹੋਣੀ ਚਾਹੀਦੀ ਹੈ।

(5) ਸੂਚਨਾ ਅਰਬੀ ਅੰਕਾਂ ਵਿੱਚ ਅਤੇ ਵੱਡਿਆਂ ਅੱਖਰਾਂ ਵਿੱਚ ਲਿਖੀ ਜਾਵੇ।

(6) ਡੀ.ਸੀ.ਐਫ ਉਤੇ ਕਾਂ ਕੋਕਲੇ ਨਾ ਵਾਹੋ। ਇਹ ਸਾਫ ਅੱਖਰਾਂ ਵਿੱਚ ਦਰਜ ਕੀਤੀ ਜਾਣੀ ਚਾਹੀਦੀ ਹੈ। ਗਲਤ ਇੰਦਰਾਜ਼ ਦੇ ਉਪਰ ਨਾ ਲਿਖੋ, ਸਗੋਂ ਗਲਤ ਇੰਦਰਾਜ ਨੂੰ ਕਰਾਸ ਕਰਕੇ ਨਵਾਂ ਇੰਦਰਾਜ ਉਸ ਦੇ ਉਪਰ ਭਰਿਆ ਜਾਵੇ ਤਾਂ ਕਿ ਗਲਤ ਇੰਦਰਾਜ ਵੀ ਦਿੱਸ ਸਕੇ।

(7) ਡੀ.ਸੀ.ਐਫ. ਵਿੱਚ ਉਚਿਤ ਕੋਡ ਭਰਿਆ ਜਾਣਾ ਚਾਹੀਦਾ ਹੈ ਜਿਥੇ ਇਹਨਾਂ ਲਈ ਥਾਂ ਰੱਖੀ ਗਈ ਹੈ। ਠੀਕ ਕੋਡ ਦਰਸਾਉਣ ਦਾ ਖਾਸ ਖਿਆਲ ਰੱਖਿਆ ਜਾਵੇ।

(8) ਸਾਰੀਆਂ ਮੱਦਾਂ ਪੂਰੀ ਤਰ੍ਹਾਂ ਭਰੋ। ਕੋਈ ਮੱਦ/ਸੈਲ ਖਾਲੀ ਨਾ ਛੱਡੋ।

(9) ਸਾਰੀ ਸੂਚਨਾ ਹੈੱਡ ਮਾਸਟਰ ਜਾਂ ਇੰਨਚਾਰਜ ਅਧਿਆਪਕ ਸਕੂਲ ਦੇ ਦਸਤਾਵੇਜਾਂ ਨੂੰ ਠੀਕ ਤਰ੍ਹਾਂ ਚੈਕ ਕਰਕੇ ਭਰਨ। ਸਬੰਧਤ ਅਧਿਆਪਕ ਨੂੰ ਡੀ.ਸੀ.ਐਫ. ਭਰਨ ਦੀ ਸਿਖਲਾਈ ਹਰ ਸਾਲ ਦਿੱਤੀ ਜਾਂਦੀ ਹੈ।

(10) ਜੇਕਰ ਥਾਂ ਦੀ ਕਮੀ ਜਾਂ ਕਿਸੇ ਹੋਰ ਕਾਰਣ ਇੱਕ ਇਮਾਰਤ ਵਿੱਚ ਦੋ ਵੱਖਰੇ ਸਕੂਲ ਚਲ ਰਹੇ ਹੋਣ ਜਿਹਨਾਂ ਦਾ ਪ੍ਰਬੰਧ ਅਤੇ ਹੈਡ ਵੱਖਰੇ ਹੋਣ ਤਾਂ ਇਹ ਸਕੂਲ ਅੱਡ-ਅੱਡ ਸਮਝੇ ਜਾਣਗੇ ਅਤੇ ਇਹਨਾਂ ਨੂੰ ਵੱਖਰੀ-ਵੱਖਰੀ ਡੀ.ਸੀ.ਐਫ. ਭਰਨੀ ਹੋਵੇਗੀ। ਜੇਕਰ ਕਿਸੇ ਸਕੂਲ ਦੀਆਂ ਦੋ ਸ਼ਿਫਟਾਂ ਹੋਣ ਪਰ ਉਹਨਾਂ ਦਾ ਪ੍ਰਬੰਧ ਅਤੇ ਹੈਡ ਇੱਕੋ ਹੀ ਹੋਵੇ ਤਾਂ ਇਹ ਇੱਕ ਸਕੂਲ ਮੰਨਿਆ ਜਾਵੇਗਾ ਅਤੇ ਇੱਕੋ ਹੀ ਡੀ.ਸੀ.ਐਫ. ਵਿੱਚ ਦੋਹਾਂ ਸ਼ਿਫਟਾਂ ਦੀ ਸੂਚਨਾ ਸ਼ਾਮਿਲ ਕਰਕੇ ਦੇਣੀ ਚਾਹੀਦੀ ਹੈ।

(11) ਸਕੂਲ ਦੇ ਹੈੱਡ ਜਾਂ ਇੰਨਚਾਰਜ ਅਧਿਆਪਕ ਨੂੰ ਚਾਹੀਦਾ ਹੈ ਉਹ ਡੀ.ਸੀ.ਐਫ. ਵਾਪਿਸ ਕਰਨ ਤੋਂ ਪਹਿਲਾਂ ਸਾਰੀ ਅਧਾਰ ਸਮੱਗਰੀ ਪੂਰੀ ਤਰ੍ਹਾਂ ਜਾਂਚ ਲਵੇ ਅਤੇ ਠੀਕ ਸਥਾਨ ਤੇ ਡੀ. ਸੀ. ਐਫ. ਦੇ ਅਖੀਰਲੇ ਪੰਨੇ ਤੇ ਆਪਣੇ ਹਸਤਾਖਰ ਕਰੇ।

(12) ਇਸੇ ਤਰ੍ਹਾਂ ਡੀ.ਸੀ.ਐਫ. ਨੂੰ ਈ. ਐਮ.ਆਈ.ਐਸ. ਸੈੱਲ ਨੂੰ ਭੇਜਣ ਤੋਂ ਪਹਿਲਾਂ ਜਿਲ੍ਹਾ ਪੱਧਰ ਤੇ ਏ.ਈ.ਓ./ਬੀ.ਈ.ਓ./ਬੀ.ਆਰ.ਸੀ ਕੋਆਰਡੀਨੇਟਰ ਇਸ ਨੂੰ ਠੀਕ ਤਰਾਂ ਨਾਲ ਜਾਂਚ ਪਰਖ ਲੈਣ ਅਤੇ ਦਿੱਤੀ ਨਿਰਧਾਰਤ ਥਾਂ ਉਤੇ ਆਪਣੇ ਹਸਤਾਖਰ ਕਰਨ।

(13) ਸੀ.ਐਚ.ਟੀ./ਬੀ.ਆਰ.ਪੀ./ਬੀ.ਪੀ.ਈ.ਓ. ਇਸ ਡੀ.ਸੀ.ਐਫ. ਨੂੰ ਜਾਂਚ ਲੈਣ ਤਾਂ ਕਿ ਕੋਈ ਪ੍ਰਤੱਖ ਗਲਤੀ ਨਾ ਹੋਵੇ ਜਾਂ ਖਾਲੀ ਥਾਂ ਨਾ ਛੱਡੀ ਹੋਵੇ। ਇਹ ਸਾਰੇ ਅਧਿਕਾਰੀ ਆਪਣੇ-ਆਪਣੇ ਹਸਤਾਖਰ ਕਰਨ ਤੋਂ ਬਾਅਦ ਇਹ ਡੀ.ਸੀ.ਐਫ. ਜ਼ਿਲ੍ਹਾ ਪ੍ਰੋਗਰਾਮ ਅਧਿਕਾਰੀ/ਈ.ਐਮ.ਆਈ.ਐਸ. ਸੈੱਲ ਨੂੰ ਭੇਜ ਦਿੱਤੇ ਜਾਣ।

(14) **ਜ਼ਿਲ੍ਹਾ ਕੋਡ** : ਹਰ ਜ਼ਿਲ੍ਹੇ ਨੂੰ 4 ਹਿੰਦਸਿਆਂ ਵਾਲੀ ਕੋਡ ਅਲਾਟ ਕਰ ਦਿੱਤੀ ਗਈ ਹੈ। ਇਹ ਕੋਡ ਸਟੇਟ ਦਫਤਰ ਵਿੱਚ ਉਪਲਬਧ ਹੈ ਅਤੇ ਜਿਸ ਨੂੰ ਸਾਰੇ ਜ਼ਿਲ੍ਹੇ ਆਪਸੀ ਜਾਣ-ਪਛਾਣ ਲਈ ਵੇਖ ਸਕਦੇ ਹਨ। ਹਰ ਜ਼ਿਲ੍ਹੇ ਦਾ ਵੱਖਰੀ ਪਹਿਚਾਣ ਦਰਸਾਉਂਦਾ ਕੋਡ ਹੋਵੇਗਾ। ਇਹ ਕੋਡ ਸਾਰੇ ਭਵਿੱਖੀ ਮਾਮਲਿਆਂ ਵਿੱਚ ਉਹੀ ਰਹੇਗੀ। ਨਵੇਂ ਜ਼ਿਲ੍ਹੇ ਬਣਨ ਜਾਂ ਨਵੀਆਂ ਜ਼ਿਲ੍ਹਾ ਹੱਦਾਂ ਨਿਰਧਾਰਤ ਕਰਨ ਉਪਰੰਤ ਅਲਗ ਕੋਡ ਜ਼ਰੂਰ ਹੋਵੇਗਾ। ਜ਼ਿਲ੍ਹਾ ਕੋਡਜ਼ ਇੱਕ ਵਾਰੀ ਅਲਾਟ ਹੋ ਜਾਣ ਤੋਂ ਬਾਅਦ ਇਸ ਪ੍ਰੋਜੈਕਟ ਦੇ ਪੂਰਾ ਹੋਣ ਤੱਕ ਨਹੀਂ ਬਦਲਿਆ ਜਾਵੇਗਾ। ਇਹ ਸੂਚਨਾ ਦੀ ਤੁਲਨਾ ਲਈ ਜ਼ਰੂਰੀ ਹੈ।

(15) **ਸਕੂਲ ਕੋਡ** : ਸੱਤ ਅੰਕੀ ਸਕੂਲ ਕੋਡ ਹਰ ਜ਼ਿਲ੍ਹੇ ਦੇ ਹਰ ਸਕੂਲ ਨੂੰ ਪ੍ਰਭਾਸ਼ਿਤ ਕਰੇਗਾ। ਹਰ ਜ਼ਿਲ੍ਹੇ ਲਈ ਸਟੈਂਡਰਡ ਕੋਡ ਸੂਚੀ ਬਣਾਈ ਜਾਵੇਗੀ ਅਤੇ ਇਹ ਸਾਰੀਆਂ ਭਵਿੱਖੀ ਪ੍ਰਸੰਗਾਂ ਲਈ ਵਰਤੀ ਜਾਵੇਗੀ। ਇਹ ਸੱਤ ਅੰਕ ਇਸ ਤਰ੍ਹਾਂ ਹੋਣਗੇ :

ਬਲਾਕ ID 02 ਹਿੰਦਸੇ, ਪਿੰਡ ID 03 ਹਿੰਦਸੇ, ਸਕੂਲ ID 02 ਹਿੰਦਸੇ

ਇੱਕ ਵਾਰੀ ਜਿਹੜੀ ਕੈਟੇਗਰੀ ਬਣਾਈ ਜਾਂਦੀ ਹੈ ਉਹ ਸਾਰੇ ਭਵਿੱਖੀ ਹਵਾਲਿਆਂ ਲਈ ਉਹੀ ਰਹੇਗੀ। ਇਸ ਸਬੰਧ ਵਿੱਚ ਹੋਰ ਜਾਣਕਾਰੀ ਲਈ ਡਾਈਸ ਸਾਫਟਵੇਅਰ ਦੇ ਉਪਯੋਗ ਦੀ ਹਦਾਇਤ ਪੁਸਤਕ ਵੇਖੀ ਜਾਵੇ।

(16) **ਵਿਦਿਅਕ ਸਾਲ** : ਵਿਦਿਅਕ ਸੈਸ਼ਨ ਦਾ ਸਾਲ ਲਿੱਖਿਆ ਜਾਵੇ। ਮਿਸਾਲ ਵਜੋਂ ਵਿਦਿਅਕ ਵਰ੍ਹਾ 30 ਸਤੰਬਰ 2011 ਦੀ ਪੁਜੀਸ਼ਨ ਨੂੰ ਪ੍ਰਗਟਾਉਂਦਾ ਹੋਇਆ 2011-2012 ਦਾ ਵਿਦਿਅਕ ਸਾਲ ਕਹਾਏਗਾ।

## A. ਸਕੂਲ ਦਾ ਵੇਰਵਾ

(1) **ਸਕੂਲ ਦਾ ਨਾਂ** : ਸਕੂਲ ਦਾ ਨਾਂ ਸਰਕਾਰੀ ਦਸਤਾਵੇਜ਼ਾਂ ਮੁਤਾਬਿਕ ਹੋਵੇ।

(2) **ਪੇਂਡੂ/ਸ਼ਹਿਰੀ :** ਇਸ ਦੇ ਦੋ ਆਪਸ਼ਨਜ਼ ਹਨ। ਜੇਕਰ ਸਕੂਲ ਪਿੰਡ ਵਿੱਚ ਹੈ ਤਾਂ 1 ਲਿਖੋ ਅਤੇ ਜੇਕਰ ਇਹ ਸ਼ਹਿਰੀ ਇਲਾਕੇ ਵਿੱਚ ਹੈ ਤਾਂ 2 ਲਿਖੋ।

(3) **ਹੈਬੀਟੇਸ਼ਨ ਦਾ ਨਾਮ :** ਸਕੂਲ ਨਾਲ ਸਬੰਧਿਤ ਹੈਬੀਟੇਸ਼ਨ ਦਾ ਨਾਮ ।

(4) **ਪਿੰਡ ਦਾ ਨਾਂ/ਵਾਰਡ ਨੰ:** ਪੇਂਡੂ ਇਲਾਕੇ ਦੇ ਸਬੰਧ ਵਿੱਚ ਮਾਲ ਮਹਿਕਮੇ ਦੇ ਰਿਕਾਰਡ ਵਿੱਚ ਪਿੰਡ ਦਾ ਜਿਹੜਾ ਨਾਂ ਹੈ ਉਹ ਲਿਖੋ। ਸ਼ਹਿਰੀ ਇਲਾਕੇ ਦੀ ਸੂਰਤ ਵਿੱਚ ਵਾਰਡ ਨੰ:, ਕਸਬੇ (ਟਾਊਨ)/ਸ਼ਹਿਰੀ ਮਿਊਂਸਪੈਲਿਟੀ ਦਾ ਵਾਰਡ ਨੰ: ਦਿੱਤਾ ਜਾਵੇ।

(5) **ਪਿੰਨ ਕੋਡ :** ਪਿੰਡ/ਵਾਰਡ ਨੰ: ਦਾ ਪੋਸਟਲ ਸੂਚੀ ਅੰਕ (ਪਿੰਨ ਕੋਡ) ਦਰਜ ਕੀਤਾ ਜਾਵੇ, ਜਿਸ ਥਾਂ ਸਕੂਲ ਸਥਿਤ ਹੈ।

(6) **ਪਿੰਡ ਦੀ ਪੰਚਾਇਤ/ਸ਼ਹਿਰ/ਕਸਬੇ ਦਾ ਨਾਂ** : ਪੇਂਡੂ ਇਲਾਕਾ ਜਿੱਥੇ ਸਕੂਲ ਸਥਿਤ ਹੈ ਉਸ ਪਿੰਡ ਦੀ ਪੰਚਾਇਤ ਦਾ ਨਾਂ । ਸ਼ਹਿਰੀ ਇਲਾਕੇ ਲਈ ਸ਼ਹਿਰ/ਕਸਬੇ ਦੀ ਨਗਰ ਨਿਗਮ। ਕਸਬੇ ਦੀ ਪੰਚਾਇਤ/ਟਾਊਨ/ਕਾਰਪੋਰੇਸ਼ਨ ਜਿਸ ਤਰ੍ਹਾਂ ਵੀ ਮਾਮਲਾ ਹੋਵੇ ਦਰਸਾਓ।

(7) **ਸੀ.ਆਰ.ਸੀ. ਦਾ ਨਾਂ :** ਸੀ.ਆਰ.ਸੀ. ਜਿਸ ਨਾਲ ਸਕੂਲ ਜੁੜਿਆ ਹੋਇਆ ਹੈ ਦਾ ਨਾਂ ਲਿਖੋ।

(8) **ਸੀ.ਡੀ. ਬਲਾਕ ਦਾ ਨਾਂ : ਸੀ.ਡੀ.** ਬਲਾਕ ਦਾ ਨਾਂ ਜਿਸ ਵਿਚ ਸਕੂਲ ਆਉਂਦਾ ਹੈ ਇਥੇ ਲਿਖਿਆ ਜਾਵੇ।

(9) ਪੀ.ਈ. ਬਲਾਕ ਦਾ ਨਾਂ :- ਪ੍ਰਾਇਮਰੀ ਐਜੂਕੇਸ਼ਨ ਬਲਾਕ ਦਾ ਨਾਂ ਦੱਸਿਆ ਜਾਵੇ।

**(10)** **ਅਸੈਂਬਲੀ ਦਾ ਨਾਮ :** ਸਕੂਲ ਨਾਲ ਸਬੰਧਿਤ ਅਸੈਂਬਲੀ ਦਾ ਨਾਮ।

**(11)** ਮਿਊਂਸਪੈਲਿਟੀ : ਸ਼ਹਿਰੀ ਖੇਤਰਾਂ ਲਈ ਮਿਊਂਸਪੈਲਿਟੀ ਦਾ ਨਾ ਦੱਸਿਆ ਜਾਵੇ।

(12) ਸ਼ਹਿਰ : ਸ਼ਹਿਰ ਦਾ ਨਾ ਜਿਸ ਵਿਚ ਸਕੂਲ ਆਉਂਦਾ ਹੈ।

(13) ਸਕੂਲ ਦੀ ਭੂਗੋਲਕ ਜਾਣਕਾਰੀ ਦਿੱਤੀ ਜਾਵੇ ਜਿਵੇਂ ਕਿ ਵਿੱਥਕਾਰ ਅਤੇ ਲੰਬਕਾਰ।

(14) ਫੋਨ/ਮੋਬਾਇਲ ਨੰਬਰ

- ਸਕੂਲ ਦੇ ਹੈੱਡ ਦਾ ਫੋਨ ਨੰਬਰ ਜਾਂ ਮੋਬਾਇਲ ਨੰਬਰ ਦੱਸਿਆ ਜਾਵੇ।
- ਅਧਿਆਪਕ ਜਿਸ ਨੇ ਡੀ.ਸੀ.ਐਫ. ਭਰਿਆ ਹੈ ਆਪਣਾ ਫੋਨ ਜਾਂ ਮੋਬਾਇਲ ਨੰਬਰ ਦੱਸੇ।

(15) **ਫਾਸਲਾ ਕਿਲੋਮੀਟਰਾਂ ਵਿੱਚ** :

ੳ) **ਬਲਾਕ ਤੋਂ :** ਸਕੂਲ ਤੋਂ ਬਲਾਕ ਹੈੱਡਕੁਆਟਰ ਤੱਕ ਘੱਟ ਤੋਂ ਘੱਟ ਦੂਰੀ ਵਾਲੇ ਰੂਟ ਦੁਆਰਾ ਰੇਲ/ ਸੜਕ ਰਾਹੀਂ ਫਾਸਲਾ। ਜੇਕਰ ਸਕੂਲ ਬਲਾਕ ਹੈਡ ਕੁਆਟਰ ਦੇ ਵਿੱਚ ਸਥਿਤ ਹੈ ਤਾਂ "O" ਦਰਜ ਕਰੋ। ਦਸ਼ਮਲਵਾਂ ਦਾ ਪ੍ਰਯੋਗ ਨਾ ਕਰੋ। ਸਿਰਫ ਨੇੜੇ ਦੇ ਕਿਲੋਮੀਟਰ ਵਿੱਚ ਫਾਸਲਾ ਕਰੋ। ਜਿਵੇਂ ਕਿ 10,15,20,21,24 ...........।

**ਅ) ਸੀ.ਆਰ.ਸੀ. ਤੋਂ :** ਸਕੂਲ ਦਾ ਰੇਲਵੇ /ਸੜਕ ਰਾਹੀਂ ਘੱਟ ਤੋਂ ਘੱਟ ਫਾਸਲਾ।

(16) ਕੀ ਸਕੂਲ ਤੱਕ ਪਹੁੰਚਣਾ ਹਰ ਮੌਸਮ ਵਿਚ ਸੰਭਵ ਹੈ ਜਾ ਕਿਸੇ ਖਾਸ ਮੌਸਮ ਵਿਚ ਸਕੂਲ ਪੁੱਜਣ ਵਿਚ ਦਿੱਕਤ ਹੁੰਦੀ ਹੈ।

(17) **ਸਕੂਲ ਨਿਰਮਾਣ ਦਾ ਸਾਲ :** ਸਕੂਲ ਦਸਤਾਵੇਜ਼ਾਂ ਅਨੁਸਾਰ ਜਦ ਸਕੂਲ ਪਹਿਲੀ ਵਾਰ ਸ਼ੁਰੂ ਹੋਇਆ ਸੀ ਦਾ ਸਾਲ ਲਿਖੋ। ਅਸਲ ਸਾਲ ਦਰਸਾਉਣ ਲਈ ਦਫਤਰੀ ਰਿਕਾਰਡ ਜੋ ਕਿ ਸਕੂਲ ਵਿੱਚ ਮੌਜੂਦ ਹਨ ਵੇਖੇ/ਜਾਂਚੇ ਜਾਣ।

(18) ਸਾਲ ਜਿਸ ਦੋਰਾਨ ਸਕੂਲ ਨੂੰ ਮਾਨਤਾ ਪ੍ਰਾਪਤ ਹੋਈ ਹੈ ਬਾਰੇ ਦੱਸਿਆ ਜਾਵੇ। ਸਿਰਫ ਮਾਨਤਾ ਪ੍ਰਾਪਤ ਸਕੂਲ ਹੀ ਇਹ ਜਾਣਕਾਰੀ ਦੇਣ।

(18ੲ) ਸਾਲ ਜਿਸ ਦੋਰਾਨ ਸਕੂਲ ਪ੍ਰਾਇਮਰੀ ਸਕੂਲ ਤੋਂ ਅੱਪਰ-ਪ੍ਰਾਇਮਰੀ ਬਣਿਆ ਹੈ ਬਾਰੇ ਦੱਸਿਆ ਜਾਵੇ।

(19) **ਸਕੂਲ ਦੀ ਪ੍ਰਕਾਰ :** ਮੁੰਡਿਆਂ ਦਾ/ਕੁੜੀਆਂ ਦਾ/ਸਹਿ ਸਿੱਖਿਆ ਵਾਲਾ। ਕਈ ਵਾਰ ਇਹ ਹੁੰਦਾ ਹੈ ਕਿ ਸਕੂਲ ਕੁੜੀਆਂ ਲਈ ਹੁੰਦਾ ਹੈ ਪਰ ਇਸ ਵਿੱਚ ਲੜਕੇ ਵੀ ਦਾਖਲ ਕਰ ਲਏ ਜਾਂਦੇ ਹਨ। ਇਸ ਤਰ੍ਹਾਂ ਹੀ ਮੁੰਡਿਆਂ ਦੇ ਸਕੂਲ ਵਿੱਚ ਵੀ ਹੋ ਸਕਦਾ ਹੈ। ਅਜਿਹੇ ਸਕੂਲ ਨੂੰ ਪ੍ਰਕਾਰ ਨੰ: 3 ਵਿੱਚ ਪਾਓ। ਸਕੂਲਾਂ ਦੀ ਪ੍ਰਕਾਰ ਨੂੰ ਹੇਠਾਂ ਕੋਡਿਤ ਕੀਤਾ ਗਿਆ ਹੈ।

1 **ਸਿਰਫ ਲੜਕੇ :** ਜਿਹੜੇ ਸਕੂਲ ਸਿਰਫ ਮੁੰਡਿਆਂ ਨੂੰ ਦਾਖਲ ਕਰਦੇ ਹਨ, ਕੁੜੀਆਂ ਦਾਖਲ ਨਹੀਂ ਕੀਤੀਆਂ ਜਾਂਦੀਆਂ।

2 **ਸਿਰਫ ਕੁੜੀਆਂ :** ਕੇਵਲ ਕੁੜੀਆਂ ਲਈ ਸਥਾਪਿਤ ਕੀਤੇ ਗਏ ਸਕੂਲ। ਇਸ ਵਿੱਚ ਮੁੰਡੇ ਦਾਖਲ ਨਹੀਂ ਕੀਤੇ ਜਾਂਦੇ ।

3 **ਸਹਿ ਸਿੱਖਿਆ :** ਕੁੜੀਆਂ ਅਤੇ ਮੁੰਡੇ ਦੋਵੇਂ ਇਹਨਾਂ ਸਕੂਲਾਂ ਵਿੱਚ ਦਾਖਲਾ ਲੈ ਸਕਦੇ ਹਨ।

(20) **ਸਕੂਲ ਦੀ ਕਿਸਮ :** ਉਚਿਤ ਚੋਣ ਜਿਹੜੀ ਲਾਗੂ ਹੁੰਦੀ ਹੋਵੇ, ਕਰੋ। ਸਭ ਤੋਂ ਛੋਟੀ ਅਤੇ ਸਭ ਤੋਂ ਵੱਡੀ ਜਮਾਤ ਸਕੂਲ ਦੀ ਕਿਸਮ ਨਿਰਧਾਰਤ ਕਰਦੀ ਹੈ ਅਤੇ ਇਸ ਨੂੰ ਇਸ ਤਰ੍ਹਾਂ ਕੋਡਵਾਈਜ਼ ਦਰਸਾਇਆ ਗਿਆ ਹੈ।

1 **ਪ੍ਰਾਇਮਰੀ ਸਕੂਲ** : ਪਹਿਲੀ ਤੋਂ ਪੰਜਵੀਂ ਜਮਾਤ ਵਾਲਾ ਸਕੂਲ, ਜਿਹੜਾ ਇੱਕੋ ਜਗ੍ਹਾ ਤੇ ਸਥਿਤ ਹੋਵੇ ਅਤੇ ਇੱਕੋ ਪ੍ਰਬੰਧ ਹੇਠ ਚੱਲ ਰਿਹਾ ਹੋਵੇ। ਪੰਜਵੀਂ ਜਮਾਤ ਤੋਂ ਵੱਡੀਆਂ ਜਮਾਤਾਂ ਵਾਲੇ ਸਕੂਲ ਨੂੰ ਪ੍ਰਾਇਮਰੀ ਸਕੂਲ ਦੀ ਸ਼੍ਰੇਣੀ ਵਿੱਚ ਨਾ ਰੱਖਿਆ ਜਾਵੇ।

2 **ਉੱਚ ਪ੍ਰਾਇਮਰੀ ਅਤੇ ਪ੍ਰਾਇਮਰੀ ਸਕੂਲ** : ਸਕੂਲ ਜਿਹੜਾ ਪਹਿਲੀ ਤੋਂ ਅੱਠਵੀਂ ਜਮਾਤ ਵਾਲਾ ਹੋਵੇ ਅਤੇ ਇੱਕੋ ਪ੍ਰਬੰਧਕੀ ਵਿਵਸਥਾ ਰੱਖਦਾ ਹੋਵੇ। ਅੱਠਵੀਂ ਜਮਾਤਾਂ ਤੋਂ ਵੱਡੀਆਂ ਜਮਾਤਾਂ ਵਾਲੇ ਸਕੂਲ ਦਾ ਇਸ ਵਿੱਚ ਵਰਗੀਕਰਣ ਨਾ ਕੀਤਾ ਜਾਵੇ।

3 **ਪ੍ਰਾਇਮਰੀ/ਉੱਚ ਪ੍ਰਾਇਮਰੀ ਅਤੇ ਸੈਕੰਡਰੀ/ਹਾਇਰ ਸੈਕੰਡਰੀ :** ਉਹ ਸਕੂਲ ਜਿਸ ਵਿੱਚ ਪਹਿਲੀ ਤੋਂ ਦੱਸਵੀਂ/ਬਾਰ੍ਹਵੀਂ ਜਮਾਤ ਤੱਕ ਸਿੱਖਿਆ ਦੇਣ ਦੀ ਵਿਵਸਥਾ ਹੋਵੇ। ਅਜਿਹੇ ਸਕੂਲ ਦੀਆਂ ਛੋਟੀਆਂ ਅਤੇ ਵੱਡੀਆਂ ਜਮਾਤਾਂ ਪਹਿਲੀ ਅਤੇ ਦੱਸਵੀਂ/ਬਾਰ੍ਹਵੀਂ ਹੋਣੀਆਂ ਚਾਹੀਦੀਆਂ ਹਨ।

4 **ਉੱਚ ਪ੍ਰਾਇਮਰੀ ਸਕੂਲ :** ਪੰਜਵੀਂ/ਛੇਵੀਂ ਸ਼੍ਰੇਣੀ ਤੋਂ ਅੱਠਵੀਂ ਤੱਕ ਸਕੂਲ। ਹੋਰ ਕੋਈ ਸਕੂਲ ਇਸ ਵਰਗ ਵਿੱਚ ਨਹੀਂ ਆਉਂਦਾ।

5 **ਉੱਚ ਪ੍ਰਾਇਮਰੀ ਸਕੂਲ ਅਤੇ ਸੈਕੰਡਰੀ/ਹਾਇਰ ਸੈਕੰਡਰੀ ਸਕੂਲ :** ਉਹ ਸਕੂਲ ਜਿਹਨਾਂ ਦੀ ਸਭ ਤੋਂ ਛੋਟੀ ਜਮਾਤ ਛੇਵੀਂ ਹੋਵੇ ਅਤੇ ਜਿਹਨਾਂ ਦੀ ਸਭ ਤੋਂ ਵੱਡੀ ਜਮਾਤ ਦੱਸਵੀਂ/ਬਾਰ੍ਹਵੀਂ ਹੋਵੇ। ਇਹ ਸਕੂਲ ਅੱਪਰ ਪ੍ਰਾਇਮਰੀ/ਹਾਈ ਅਤੇ ਹਾਇਰ ਸੈਕੰਡਰੀ ਜਮਾਤਾਂ ਨੂੰ ਪੜ੍ਹਾਂਉਂਦੇ ਹੋਣ।

(21) **ਸਕੂਲ ਪ੍ਰਬੰਧ :** ਢੁੱਕਵਾਂ ਉੱਤਰ ਚੁਣੋ। ਸਕੂਲ ਪ੍ਰਬੰਧ ਹੇਠਾਂ ਕੋਡਿਤ ਕੀਤੇ ਗਏ ਹਨ :

1 **ਸਿੱਖਿਆ ਵਿਭਾਗ :** ਉਹ ਸਕੂਲ ਜਿਹੜੇ ਰਾਜ ਸਰਕਾਰ ਦੇ ਫੰਡਾਂ ਨਾਲ ਅਤੇ ਪ੍ਰਸ਼ਾਸਨ ਹੇਠ ਆਉਂਦੇ ਹਨ, ਪਰਾਂਤਕ ਸਰਕਾਰ ਦੇ ਖੁਦ-ਮੁਖਤਿਆਰ ਅਦਾਰਿਆਂ, ਡੀ.ਪੀ.ਈ.ਪੀ. ਅਤੇ ਸਿੱਖਿਆ ਵਿਭਾਗ ਹੇਠ ਚਲਾਏ ਜਾਂਦੇ ਹਨ।

2 **ਕਬੀਲਾ/ਸਮਾਜ ਭਲਾਈ ਮਹਿਕਮਾ :** ਉਹ ਸਕੂਲ ਇਸ ਵਿੱਚ ਆਉਂਦੇ ਹਨ ਜਿਹੜੇ ਪੂਰਨ ਤੌਰ ਤੇ ਕਬੀਲਾ ਭਲਾਈ, ਸਮਾਜ ਭਲਾਈ, ਲੋਕ ਭਲਾਈ ਵਿਭਾਗ ਹੇਠ ਚਲਦੇ ਹਨ। ਇਹ ਸਕੂਲ ਆਮ ਤੌਰ ਤੇ ਸਰਕਾਰੀ ਸਕੂਲਾਂ ਵਾਲਾ ਸਿੱਖਿਆ ਢਾਂਚਾ ਅਪਣਾਉਂਦੇ ਹਨ।

3 **ਲੋਕਲ ਬਾਡੀ ਸਕੂਲ :** ਜਿਹੜੇ ਮੁਕੰਮਲ ਤੌਰ ਤੇ ਮਿਉਂਸੀਪਲ ਕਾਰਪੋਰੇਸ਼ਨ, ਮਿਉਂਸੀਪਲ ਕਮੇਟੀ ਰਾਹੀਂ ਚਲਾਏ ਜਾਂਦੇ ਹਨ, ਉਹ ਇਸ ਸ਼੍ਰੇਣੀ ਵਿੱਚ ਆਉਂਦੇ ਹਨ। ਇਸ ਮੰਤਵ ਲਈ ਰਾਜ ਸਰਕਾਰ ਦੇ ਨਿਯਮ ਲਾਗੂ ਮੰਨੇ ਜਾਣਗੇ।

4 **ਪ੍ਰਾਈਵੇਟ (ਸਹਾਇਤਾ ਪ੍ਰਾਪਤ) :** ਉਹ ਪ੍ਰਮਾਣਿਤ ਸਕੂਲ ਜਿਸ ਨੂੰ ਕੋਈ ਨਿੱਜੀ ਰੂਪ ਵਿੱਚ ਚਲਾ ਰਿਹਾ ਹੈ ਜਾਂ ਕੋਈ ਟਰਸਟ ਅਤੇ ਜਿਸ ਨੂੰ ਲੋਕਲ ਬਾਡੀ ਸਟੇਟ ਜਾਂ ਭਾਰਤ ਸਰਕਾਰ ਵਲੋਂ ਮੈਂਨਟੇਨੈਂਸ ਗਰਾਂਟ ਪੱਕੇ ਤੌਰ ਤੇ ਮਿਲ ਰਹੀ ਹੋਵੇ।

5 **ਪ੍ਰਾਈਵੇਟ ਅਨਏਡਿਡ ਸਕੂਲ :** ਉਹ ਮਾਨਤਾ ਪ੍ਰਾਪਤ ਸਕੂਲ ਜਿਸ ਨੂੰ ਕੋਈ ਵਿਅਕਤੀ ਵਿਸ਼ੇਸ਼ ਜਾਂ ਪ੍ਰਾਈਵੇਟ ਸੰਸਥਾ ਚਲਾ ਰਹੀ ਹੋਵੇ ਅਤੇ ਜਿਸ ਨੂੰ ਸਰਕਾਰ/ਲੋਕਲ ਬਾਡੀ ਪਾਸੋਂ ਕੋਈ ਪੱਕੀ ਮੈਨਟੇਨੈਂਸ ਗਰਾਂਟ ਨਾ ਮਿਲਦੀ ਹੋਵੇ। ਅਜਿਹੀ ਸਿੱਖਿਅਕ ਸੰਸਥਾ ਜਿਸ ਨੂੰ ਕੇਵਲ ਐਡਹਾਕ ਗਰਾਂਟ ਮਿਲੀ ਹੋਵੇ ਉਹ ਵੀ ਕਿਸੇ ਖਾਸ ਮਕਸਦ ਲਈ, ਜਿਵੇਂ ਕਿ ਭਵਨ ਉਸਾਰੀ ਗਰਾਂਟ, ਲਾਇਬਰੇਰੀ ਨੂੰ ਉਤਮ ਬਣਾਉਣ ਲਈ ਗਰਾਂਟ ਜਾਂ ਲੈਬੋਰਟਰੀ ਦੀਆਂ ਸਹੂਲਤਾਂ ਨੂੰ ਮਜਬੂਤ ਕਰਨ ਲਈ ਗਰਾਂਟ ਕੇਵਲ ਇੱਕੋ ਵਾਰ ਮਿਲਣ ਵਾਲੀ ਗਰਾਂਟ ਜਿਹੜੀ ਅਧਿਆਪਕਾਂ ਦੇ ਤਨਖਾਹ ਦੇ ਖਰਚੇ ਲਈ ਹੁੰਦੀ ਹੈ, ਪਰ ਜਿਸ ਨੂੰ ਪੱਕੇ ਤੌਰ ਤੇ ਮੈਨਟੇਨੈਂਸ ਗਰਾਂਟ ਨਾ ਮਿਲਦੀ ਹੋਵੇ।

6 **ਦੂਸਰੇ ਸਕੂਲ :** ਇਹਨਾਂ ਵਿੱਚ ਮੰਨਜੂਰਸ਼ੁਦਾ ਸਕੂਲ ਜਿਹੜੇ ਆਈ.ਸੀ.ਐਸ.ਈ., ਸੀ.ਬੀ.ਐਸ.ਈ. ਸਿਲੇਬਸ ਅਨੁਸਾਰ ਚੱਲ ਰਹੇ ਹਨ ਆਦਿ ਆਉਂਦੇ ਹਨ।

7. **ਕੇਂਦਰੀ ਸਰਕਾਰ ਦੇ ਸਕੂਲ :** ਕੇਂਦਰੀ ਸਰਕਾਰ ਹੇਠ ਚਲਦੇ ਸਕੂਲ ਜਿਹੜੇ ਉਪਰਲੀ ਸੂਚੀ ਵਿੱਚ ਨਾ ਆਉਂਦੇ ਹੋਣ। ਇਹਨਾਂ ਵਿੱਚ ਕੇਂਦਰੀ ਵਿਦਿਆਲੇ/ਨਵੋਦਿਆ ਵਿਦਿਆਲੇ, ਆਰਮੀ ਸਕੂਲ ਆਦਿ ਆਉਂਦੇ ਹਨ।

8. **ਅਨਰੈਕੋਗਨਾਈਜ਼ ਸਕੂਲ** :- ਉਹ ਸਕੂਲ ਜਿਨ੍ਹਾਂ ਨੂੰ ਕੋਈ ਵੀ ਮਾਨਤਾ ਪ੍ਰਾਪਤ ਨਹੀਂ ਹੈ।

10. **ਪੰਚਾਇਤੀ ਰਾਜ ਇੰਸਟੀਟਿਊਸ਼ਨ** :- ਉਹ ਸਕੂਲ ਜਿਹੜੇ ਕਿ ਪੰਚਾਇਤੀ ਰਾਜ ਅਧੀਨ ਹਨ।

11. **ਆਦਰਸ਼/ਮਾਡਲ ਸਕੂਲ** :- ਪੰਜਾਬ ਰਾਜ ਵਿਚ ਚੱਲ ਰਹੇ ਆਦਰਸ਼/ਮਾਡਲ ਸਕੂਲ ਜਿਹੜੇ ਕਿ ਰਾਜ ਜਾਂ ਕੇਂਦਰ ਸਰਕਾਰ ਅਧੀਨ ਹਨ।

97. ਮਦਰਸਾ ਜੋ ਕਿ ਵਕਫ ਬੋਰਡ ਜਾਂ ਮਦਰਸਾ ਬੋਰਡ ਵਲੋਂ ਮਾਨਤਾ ਪ੍ਰਾਪਤ ਹੋਵੇ।

98. ਮਦਰਸਾ ਜਿਸ ਨੂੰ ਕਿਸੇ ਵਲੋਂ ਵੀ ਕੋਈ ਮਾਨਤਾ ਪ੍ਰਾਪਤ ਨਾ ਹੋਵੇ।

(22) **ਸਕੂਲ ਦੀ ਹੇਠਲੀ ਜਮਾਤ :** ਸਭ ਤੋਂ ਛੋਟੀ ਜਮਾਤ ਅੰਕਿਤ ਕਰੋ ਜਿਸ ਵਿੱਚ ਬੱਚੇ ਦਾਖਲ ਕੀਤੇ ਜਾਂਦੇ ਹਨ। ਸਭ ਤੋਂ ਛੋਟੀ ਜਮਾਤ ਨੂੰ ਨਿਰਧਾਰਤ ਕਰਨ ਲਈ ਆਂਗਨ ਵਾੜੀ, ਬਾਲ ਵਾੜੀ, ਪੂਰਵ ਪ੍ਰਾਇਮਰੀ ਸਿੱਖਿਆ ਕੇਂਦਰਾਂ ਨੂੰ ਨਾ ਲਿਆ ਜਾਵੇ, ਭਾਵੇਂ ਇਹ ਸਕੂਲ ਦੇ ਬਾਕੀ ਪ੍ਰਬੰਧ ਦੇ ਥੱਲੇ ਚਲ ਰਹੇ ਹਨ।

(23) **ਸਕੂਲ ਦੀ ਸਭ ਤੋਂ ਵੱਡੀ ਜਮਾਤ :** ਸਕੂਲ ਦੀ ਸਭ ਤੋਂ ਵੱਡੀ ਜਮਾਤ ਜਿਸ ਨੂੰ ਸਕੂਲ ਸਿੱਖਿਆ ਪ੍ਰਦਾਨ ਕਰਦਾ ਹੈ, ਸਭ ਤੋਂ ਵੱਡੀ ਜਮਾਤ ਆਮ ਤੌਰ ਤੇ ਪੰਜਵੀਂ, ਅੱਠਵੀਂ, ਦੱਸਵੀਂ, ਬਾਰਵੀਂ ਹੀ ਬਣੇਗੀ।

(24) **ਸਿੱਖਿਆ ਦਾ ਮਾਧਿਅਮ :** ਸਿੱਖਿਆ ਮਾਧਿਅਮ ਦੀ ਕੋਡ (ਦੋ ਹਿੰਦਸਿਆਂ ਵਾਲੀ) ਸਰਕਾਰੀ ਆਦੇਸ਼ਾਂ ਅਨੁਸਾਰ ਦਰਸਾਓ। ਜੇਕਰ ਕੋਈ ਸਕੂਲ ਇੱਕ ਤੋਂ ਵੱਧ ਮਾਧਿਅਮਾਂ ਵਿੱਚ ਸਿੱਖਿਆ ਪ੍ਰਦਾਨ ਕਰਦਾ ਹੈ ਤਾਂ ਸਾਰੇ ਉਚਿਤ ਉਤਰ ਕ੍ਰਮਵਾਰ ਮਾਧਿਅਮ ਦੇ ਆਧਾਰ ਦੀ ਤਰਜ ਤੇ ਲਿਖੋ। ਭਾਸ਼ਾਵਾਂ ਲਈ ਹੇਠ ਲਿਖੇ ਕੋਡਜ ਦੀ ਵਰਤੋਂ ਕਰੋ:

ਹੰਦੀ - 04 ਪੰਜਾਬੀ - 13 ਸੰਸਕ੍ਰਿਤ - 14 ਉਰਦੂ - 18 ਅੰਗ੍ਰੇਜ਼ੀ - 19 ਹੋਰ - 99

## A(I).ਸਕੂਲ ਦਾ ਵੇਰਵਾ

(1) **ਪ੍ਰਾਇਮਰੀ ਨਾਲ ਜੁੜਿਆ ਪ੍ਰੀ-ਪ੍ਰਾਇਮਰੀ ਸੈਕਸ਼ਨ** (ਆਂਗਨਬਾੜੀ ਕੇਂਦਰਾਂ ਤੋਂ ਇਲਾਵਾ) : ਪੂਰਵ ਪ੍ਰਾਇਮਰੀ/ਸਿੱਖਿਆ ਕੇਂਦਰ (ਪੀ.ਪੀ.ਸੀ.) ਸਿੱਖਿਆ ਵਿਭਾਗ ਰਾਹੀਂ ਅਤੇ ਡੀ.ਪੀ.ਈ.ਪੀ. ਜਾਂ ਵਲੰਟੀਅਰ ਸੰਸਥਾਵਾਂ ਚਲਾਉਂਦੀਆਂ ਹਨ। ਪੀ.ਪੀ.ਸੀ. ਪ੍ਰਾਈਵੇਟ (ਰਾਹਤ ਪ੍ਰਾਪਤ) ਅਤੇ ਬਗੈਰ ਰਾਹਤ ਪ੍ਰਾਪਤ ਸੰਸਥਾਵਾਂ ਦੇ ਪਰੀਸਰਾਂ ਵਿੱਚ ਵੀ ਸਥਿਤ ਹੋ ਸਕਦੇ ਹਨ। ਜੇਕਰ ਅਜਿਹੀ ਵਿਵਸਥਾ ਪ੍ਰਾਪਤ ਹੈ ਤਾਂ ਲਿਖੋ 1, ਜੇਕਰ ਅਜਿਹੀ ਸਕੂਲ ਪਰੀਸਰ ਵਿੱਚ ਸਥਿਤ ਨਹੀਂ ਤਾਂ 2 ਲਿਖੋ। ਜੇਕਰ ਪੂਰਵ-ਪ੍ਰਾਇਮਰੀ ਦੀ ਸੁਵਿਧਾ ਸਕੂਲ ਭਵਨ ਵਿੱਚ ਹੀ ਹੈ ਤਾਂ ਵਿਦਿਆਰਥੀਆਂ ਦੀ ਕੁੱਲ ਗਿਣਤੀ ਅਤੇ ਅਧਿਆਪਕਾਂ ਦੀ ਸੰਖਿਆ ਜਿਹੜੀ ਦਸਤਾਵੇਜਾਂ ਵਿੱਚ 30 ਸਤੰਬਰ ਨੂੰ ਪ੍ਰੀ-ਪ੍ਰਾਇਮਰੀ ਸੈਕਸ਼ਨ ਵਿੱਚ ਹੋਵੇ, ਦੇਵੋ। (1-a ਅਤੇ 1-b)

(2) **ਸਕੂਲ ਵਿਚ ਜਾਂ ਨਾਲ ਜੁੜਿਆ ਆਂਗਨਬਾੜੀ ਕੇਂਦਰ :** ਜੇਕਰ ਅਜਿਹਾ ਕੇਂਦਰ ਸਕੂਲ ਵਿਚ ਜਾਂ ਸਕੂਲ ਪਰੀਸਰ ਦੇ ਨਾਲ ਜੁੜਿਆ ਹੈ ਤਾਂ ਲਿਖੋ 1, ਜੇਕਰ ਅਜਿਹਾ ਕੇਂਦਰ ਸਥਿਤ ਨਹੀਂ ਤਾਂ 2 ਲਿਖੋ। ਜੇਕਰ ਅਜਿਹਾ ਕੇਂਦਰ ਸਕੂਲ ਵਿਚ ਜਾਂ ਸਕੂਲ ਪਰੀਸਰ ਦੇ ਨਾਲ ਜੁੜਿਆ ਹੈ ਤਾਂ ਵਿਦਿਆਰਥੀਆਂ ਦੀ ਕੁੱਲ ਗਿਣਤੀ ਅਤੇ ਅਧਿਆਪਕਾਂ ਦੀ ਸੰਖਿਆ ਜਿਹੜੀ ਦਸਤਾਵੇਜਾਂ ਵਿੱਚ 30 ਸਤੰਬਰ ਨੂੰ ਹੋਵੇ, ਦੇਵੋ। (2-a ਅਤੇ 2-b)

(3) **ਰਿਹਾਇਸ਼ੀ ਸਕੂਲ :** ਇਹ ਉਹ ਸਕੂਲ ਹਨ ਜਿਸ ਨਾਲ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਖਾਣ-ਪੀਣ ਦੀ ਵਿਵਸਥਾ ਲਈ ਹੋਸਟਲ ਜੁੜਿਆ ਹੋਇਆ ਹੈ ਅਤੇ ਜਿਸ ਦਾ ਪ੍ਰਬੰਧ ਉਪਰੋਕਤ ਸਕੂਲ ਅਧੀਨ ਹੈ। ਜੇਕਰ ਇਸ ਦਾ ਉੱਤਰ ਹਾਂ ਹੋਵੇ ਤਾਂ 1 ਲਿਖੋ ਅਤੇ ਜੇਕਰ ਉੱਤਰ ਨਾਂ ਹੋਵੇ ਤਾਂ 2 ਲਿਖੋ। ਜੇਕਰ ਉੱਤਰ 1 ਹੈ ਤਾਂ ਅੱਗੇ ਦਿੱਤਾ ਉਚਿਤ ਕੋਡ ਦਰਸਾਇਆ ਜਾਵੇ। ਰਿਹਾਇਸ਼/ਸਕੂਲਾਂ ਨੂੰ ਆਸ਼ਰਮ ਸਰਕਾਰੀ -1, ਗੈਰ ਆਸ਼ਰਮ ਸਰਕਾਰੀ-2, ਪ੍ਰਾਈਵੇਟ ਲਈ -3 ਅਤੇ ਹੋਰਾਂ ਲਈ -4 ਅਤੇ ਉਚਿਤ ਨਾ ਹੋਣ ਦੀ ਸੂਰਤ ਵਿੱਚ -5, ਕੇ.ਜੀ.ਬੀ.ਵੀ. (ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ) -6 ਲਿੱਖਿਆ ਜਾਵੇ।

(4) ਕੀ ਸਕੂਲ ਸਿਰਫ ਅਪਾਹਿਜ ਬੱਚਿਆਂ ਨੂੰ ਪੜ੍ਹਾਉਣ ਲਈ ਹੀ ਹੈ? (ਹਾਂ ਲਈ 1 ਅਤੇ ਨਾਂ ਲਈ 2)

(5) **ਕੀ ਸਕੂਲ ਦੀ ਇਮਾਰਤ ਸ਼ਿਫਟ ਵਜੋਂ ਵਰਤੀ ਜਾਂਦੀ ਹੈ ? (ਜੇਕਰ ਹਾਂ ਤਾਂ 1, ਨਹੀਂ ਤਾਂ 2)** : ਇਹ ਸੂਚਨਾ ਕੇਵਲ ਸ਼ਿਫਟ ਸਕੂਲਾਂ ਲਈ ਹੈ। ਜਿਥੇ ਇੱਕ ਭਵਨ ਪਰੀਸਰ ਨੂੰ ਦੋ ਸਕੂਲ ਵਰਤਦੇ ਹਨ। (ਹਾਂ ਲਈ 1 ਅਤੇ ਨਾਂ ਲਈ 2)

(6) **ਪਿਛਲੇ ਵਿਦਿਅਕ ਸਾਲ ਦਾ ਵੇਰਵਾ :**

1 **ਵਿਦਿਅਕ ਨਰੀਖਣ ਦਾ ਨੰਬਰ** : ਇਸ ਮੰਤਵ ਲਈ ਕੇਵਲ ਉਹ ਨਿਰੀਖਣ ਸ਼ਾਮਿਲ ਕੀਤੇ ਜਾਣ ਜਿਹਨਾਂ ਨੂੰ ਰਾਜ ਸਰਕਾਰਾਂ ਨੇ ਪ੍ਰਦਾਨ ਕੀਤਾ ਹੋਵੇ ਅਤੇ ਜਿਹਨਾਂ ਦੀ ਵੇਰਵਾ ਭਰਪੂਰ ਰਿਪੋਰਟ ਪੇਸ਼ ਕੀਤੀ ਗਈ ਹੋਵੇ। ਸਬੰਧਤ ਅਧਿਕਾਰੀਆਂ ਦੀਆਂ ਆਮ ਫੇਰੀਆਂ ਨੂੰ ਜਦ ਨਿਰੀਖਣ ਰਿਪੋਰਟ ਨਾ ਲਿਖੀ ਜਾਵੇ ਤਾਂ ਇਸ ਨੂੰ ਨਿਰੀਖਣ ਸੰਖਿਆ ਵਿੱਚ ਸ਼ਾਮਿਲ ਨਾ ਕੀਤਾ ਜਾਵੇ। ਵਾਜਬ ਮੁੱਲ 0 ਤੋਂ 12 ਤੱਕ ਹੈ।

2 **ਸੀ.ਆਰ.ਸੀ. ਦੇ ਕੋਆਰਡੀਨੇਟਰਾਂ ਦੇ ਦੌਰੇ** : ਪਿਛਲੇ ਵਿਦਿਅਕ ਸਾਲ ਦੌਰਾਨ ਸੀ.ਆਰ.ਸੀ. ਕੋਆਰਡੀਨੇਟਰਾਂ ਦੇ ਦੌਰਿਆਂ ਦੀ ਸੰਖਿਆ ਜਿਹੜੀ ਸਿੱਖਿਆ ਅਤੇ ਸਬੰਧਤ ਕੰਮਾਂ ਲਈ ਕੀਤੇ ਗਏ ਹੋਣ। ਵਾਜ਼ਬ ਮੁੱਲ 0 ਤੋਂ 25 ਤੱਕ।

3 **ਬੀ.ਆਰ.ਸੀ. ਦੇ ਕੋਆਰਡੀਨੇਟਰਾਂ ਦੇ ਦੌਰੇ** : ਇਹ ਦੱਸੋ ਕਿ ਕਿੰਨੀ ਵਾਰ ਬੀ.ਆਰ.ਸੀ. ਕੋਆਰਡੀਨੇਟਰਾਂ ਨੇ ਸਕੂਲ ਦਾ ਦੌਰਾ ਕੀਤਾ। ਪਿਛਲੇ ਸਾਲ ਵਿਦਿਅਕ ਸਹਾਇਤਾ ਅਤੇ ਹੋਰ ਸਬੰਧਤ ਕੰਮਾਂ ਲਈ। ਸੰਖਿਆ 0 ਤੋਂ 25 ਤੱਕ।

4 ਅਪਾਹਿਜ ਬੱਚਿਆਂ ਦੀ ਸਿੱਖਿਆ ਸਬੰਧੀ ਰੱਖੇ ਗਏ ਬਲਾਕ ਅਧਿਆਪਕਾਂ (ਆਈ.ਈ.ਆਰ.ਟੀ.) ਦੁਆਰਾ ਸਕੂਲ ਦੇ ਨਰੀਖਣ ਬਾਰੇ ਦੱਸਿਆ ਜਾਵੇ।

**(7) ਸਕੂਲ ਫੰਡ (ਪਿਛਲਾ ਮੁਕੰਮਲ ਹੋਇਆ ਮਾਲੀ ਸਾਲ )** :

(ੳ) **ਸਕੂਲ ਵਿਕਾਸ ਗਰਾਂਟ :** ਸਰਵ ਸਿੱਖਿਆ ਅਭਿਆਨ ਅਧੀਨ ਸਾਬਕਾ ਮਾਲੀ ਸਾਲ ਵਿੱਚ ਸਕੂਲ ਦੇ ਵਿਕਾਸ ਲਈ ਦਿੱਤੀ ਗਈ ਗਰਾਂਟ ਇੱਥੇ ਦਰਜ ਕੀਤੀ ਜਾਵੇ।

(ਅ) **ਸਕੂਲ ਸੰਭਾਲ ਗਰਾਂਟ:** ਸਰਵ ਸਿੱਖਿਆ ਅਭਿਆਨ ਅਧੀਨ ਸਾਬਕਾ ਮਾਲੀ ਸਾਲ ਵਿੱਚ ਸਕੂਲ ਦੀ ਸੰਭਾਲ ਆਦਿ ਲਈ ਦਿੱਤੀ ਗਈ ਗਰਾਂਟ ਇੱਥੇ ਦਰਜ ਕੀਤੀ ਜਾਵੇ।

(ੲ) **ਟੀ.ਐਲ.ਐਮ. ਗਰਾਂਟ** : ਸਕੂਲ ਦੇ ਸਾਰੇ ਅਧਿਆਪਕਾਂ ਨੂੰ ਕੁੱਲ ਮਿਲੀ ਟੀ.ਐਲ.ਐਮ. ਗਰਾਂਟ ਦੀ ਰਾਸ਼ੀ (ਪਿਛਲੇ ਮਾਲੀ ਸਾਲ ਲਈ) ਨੂੰ ਦੱਸਿਆ ਜਾਵੇ।

(ਸ) **ਹੋਰ ਸੋਮਿਆਂ ਤੋਂ ਮਿਲੇ ਫੰਡ :** ਅਜਿਹੇ ਫੰਡ ਜਿਹੜੇ ਸਰਕਾਰ ਵਲੋਂ ਮਿਲੇ ਹੋ ਸਕਦੇ ਹਨ ਭਾਵੇਂ ਉਹਨਾਂ ਦਾ ਕੋਈ ਵੀ ਰੂਪ ਹੋਵੇ । ਜਿਵੇਂ ਸਰਕਾਰੀ ਗਰਾਂਟ, ਦਾਨ, ਲੋਕਾਂ ਵਲੋਂ ਮਿਲੀ ਸਹਾਇਤਾ, ਐਨਡੋਰਸਮੈਂਟ ਆਦਿ ਹੋ ਸਕਦੀਆਂ ਹਨ।

ਨੋਟ : ਉਪਰੋਕਤ ਸੂਚਨਾ ਆਮਦਨ ਅਤੇ ਖਰਚ ਨੂੰ ਅੱਲਗ ਵਿਖਾਉਂਦੀ ਹੋਈ ਪਿਛਲੇ ਮਾਲੀ ਸਾਲ ਲਈ ਹੋਣੀ ਚਾਹੀਦੀ ਹੈ।

**(8) ਸਟਾਫ ਕੈਟੇਗਰੀ** :

ਅਧਿਆਪਕਾਂ ਅਤੇ ਗੈਰ ਅਧਿਆਪਕਾਂ ਦਾ ਨੰਬਰ ਜਿਹੜੇ ਪ੍ਰਾਇਮਰੀ, ਅੱਪਰ ਪ੍ਰਾਇਮਰੀ, ਸੈਕੰਡਰੀ ਅਤੇ ਹਾਇਰ ਸੈਕੰਡਰੀ ਜਮਾਤਾਂ ਲਈ ਨਿਯੁਕਤ ਹੋਣ ਦਾ ਵੇਰਵਾ ਦਰਸਾਇਆ ਜਾਵੇ। ਜੇਕਰ ਅਧਿਆਪਕਾਂ ਦੀਆਂ ਅਸਾਮੀਆਂ ਮੰਨਜ਼ੂਰ ਨਹੀਂ ਕੀਤੀਆਂ ਗਈਆਂ ਤਾਂ ਡੀ.ਸੀ.ਐਫ. ਦੀਆਂ ਸਬੰਧਤ ਥਾਂਵਾਂ ਖਾਲੀ ਰਹਿਣ ਦਿੱਤੀਆਂ ਜਾਣ।

(ੳ) **ਸਿੱਖਿਆ ਸਟਾਫ (ਰੈਗੂਲਰ ਅਧਿਆਪਕ)** : ਇਸ ਵਰਗ ਵਿੱਚ ਕੇਵਲ ਰੈਗੂਲਰ ਟਾਈਮ ਸਕੇਲ ਵਾਲੇ ਅਧਿਆਪਕ ਆਉਣਗੇ। ਸਿੱਖਿਆ ਸਟਾਫ ਵਿੱਚ ਪ੍ਰਿੰਸੀਪਲ, ਹੈਡ ਟੀਚਰ, ਅਧਿਆਪਕ ਅਤੇ ਹੋਰਨਾਂ ਵਰਗਾਂ ਦੇ ਅਧਿਆਪਕ ਸ਼ਾਮਿਲ ਹੋਣਗੇ ਜਿਹੜੇ ਮੁਲਵਰਤੀ ਤੌਰ ਤੇ ਕੰਮ ਕਰ ਰਹੇ ਹੋਣ ਅਤੇ ਜਿਹੜੇ ਤਨਖਾਹ ਲੈਂਦੇ ਹਨ ਜਾਂ ਬਗੈਰ ਤਨਖਾਹ ਦੇ ਕੰਮ ਕਰਦੇ ਹਨ। ਜੇਕਰ ਸਕੂਲ ਲਈ ਮੰਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਪ੍ਰਾਪਤ ਹੋਵੇ ਤਾਂ ਇਹ ਅੰਕਤ ਕੀਤੀ ਜਾਵੇ। ਅਸਾਮੀਆਂ ਦਾ ਨੰਬਰ ਉਹਨਾਂ ਟੀਚਰਾਂ ਵੱਲ ਇਸ਼ਾਰਾ ਕਰਦਾ ਹੈ ਜਿਹੜੇ ਨਿਰਧਾਰਤ ਮਿਤੀ ਉਤੇ ਕੰਮ ਕਰ ਰਹੇ ਹੋਣ। ਥੋੜ੍ਹੇ ਚਿਰ ਲਈ ਛੁੱਟੀ ਉਤੇ ਸਟਾਫ (Staff on Short Leave) ਜਾਂ ਡਿਊਟੀ ਤੇ ਭੇਜੇ ਸਟਾਫ ਨੂੰ ਗਿਣਤੀ ਵਿੱਚ ਸ਼ਾਮਿਲ ਕੀਤਾ ਜਾਵੇ। ਹੈਡ ਟੀਚਰ ਬੇਸ਼ਕ ਉਹ ਨਾ ਵੀ ਪੜ੍ਹਾ ਰਿਹਾ ਹੋਵੇ ਤਾਂ ਵੀ ਸ਼ਾਮਿਲ ਕਰ ਲਏ ਜਾਣ। ਟੀਚਿੰਗ ਸਟਾਫ ਵਿੱਚ ਸ਼ਰੀਰਕ ਇਨਸਟਰੱਕਟਰ, ਸੰਗੀਤ ਅਧਿਆਪਕ, ਖੇਡ ਅਧਿਆਪਕ ਨੂੰ ਵੀ ਅਧਿਆਪਕ ਸਟਾਫ ਵਿੱਚ ਸ਼ਾਮਿਲ ਕੀਤਾ ਜਾਵੇ।

**(ਅ) ਠੇਕੇ ਦੇ ਅਧਾਰ ਤੇ ਰੱਖੇ ਅਧਿਆਪਕ**: ਉਹ ਸਾਰੇ ਜਿਹੜੇ ਐਸ. ਐਸ. ਏ. ਜਾਂ ਹੋਰ ਸਕੀਮ ਅਧੀਨ ਨਿਯੁਕਤ ਕੀਤੇ ਹੋਣ ਨੂੰ ਵੀ ਅਧਿਆਪਕ ਦੇ ਤੌਰ ਤੇ ਗਿਣਿਆ ਜਾਵੇ। ਠੇਕੇ ਦੇ ਅਧਾਰ ਤੇ ਰੱਖੇ ਅਧਿਆਪਕ ਆਮ ਤੌਰ ਤੇ ਬੱਝਵੀਂ ਤਨਖਾਹ/ਆਨਰੇਰੀਅਮ ਤੇ ਨਿਯੁਕਤ ਕੀਤੇ ਜਾਂਦੇ ਹਨ।

**(ੲ) ਗੈਰ ਸਿੱਖਿਅਕ ਸਟਾਫ :** ਅਧਿਆਪਕ ਕਾਰਜ ਨੂੰ ਛੱਡ ਕੇ ਹੋਰ ਸਭਨਾਂ ਨੂੰ ਗੈਰ ਸਿੱਖਿਆ ਸਟਾਫ ਮੰਨਿਆ ਜਾਵੇ। ਇਸ ਵਿੱਚ ਕਲਰਕ, ਟਾਈਪਿਸਟ, ਅਕਾਂਊਟੈਂਟ, ਚੌਂਕੀਦਾਰ, ਸਫਾਈ ਕਰਮਚਾਰੀ ਆਦਿ ਆਉਂਦੇ ਹਨ।

**ਸਿੱਖਿਆ ਸਟਾਫ (ਰੈਗੂਲਰ ਅਧਿਆਪਕ), ਠੇਕੇ ਦੇ ਅਧਾਰ ਤੇ ਰੱਖੇ ਟੀਚਰ ਅਤੇ ਗੈਰ ਸਿੱਖਿਅਕ ਸਟਾਫ ਆਦਿ ਨੂੰ ਪ੍ਰਾਇਮਰੀ, ਅੱਪਰ ਪ੍ਰਾਇਮਰੀ, ਸੈਕੰਡਰੀ ਅਤੇ ਹਾਇਰ ਸੈਕੰਡਰੀ ਅਨੁਸਾਰ ਉਚਿਤ ਥਾਂ ਤੇ ਦਰਸਾਇਆ ਜਾਵੇ।**

**ਵਿਸ਼ਾਵਾਰ ਮਾਸਟਰ ਕਾਡਰ ਦੇ 6ਵੀਂ ਤੋਂ 10ਵੀਂ ਜਮਾਤ ਨੂੰ ਪੜ੍ਹਾਉਂਦੇ ਅਧਿਆਪਕਾਂ ਦੀਆਂ ਮੰਨਜ਼ੂਰ ਅਸਾਮੀਆਂ ਦੀ ਸੰਖਿਆ ਦਰਸਾਈ ਜਾਵੇ।**

## A(II). ਸਕੂਲ ਦਾ ਵੇਰਵਾ

1. ਸਕੂਲ ਸਾਲ ਵਿਚ ਕਿੰਨੇ ਦਿਨ ਖੁੱਲਿਆ ਹੈ ਅਤੇ ਰੋਜਾਨਾ ਕਿੰਨੇ ਘੰਟੇ ਚੱਲਦਾ ਹੈ।
   - ਪਿਛਲੇ ਸਾਲ ਦੋਰਾਨ ਸਕੂਲ ਕਿੰਨ ਦਿਨ ਚੱਲਿਆ ਹੈ ਬਾਰੇ ਦੱਸਿਆ ਜਾਵੇ।
   - ਇੱਕ ਦਿਨ ਵਿਚ ਵਿਦਿਆਰਥੀ ਕਿੰਨੇ ਘੰਟੇ ਸਕੂਲ ਵਿਚ ਰਹਿੰਦੇ ਹਨ ਬਾਰੇ ਦੱਸਿਆ ਜਾਵੇ।
   - ਇੱਕ ਦਿਨ ਵਿਚ ਅਧਿਆਪਕ ਕਿੰਨੇ ਘੰਟੇ ਸਕੂਲ ਵਿਚ ਰਹਿੰਦਾ ਹੈ ਬਾਰੇ ਦੱਸਿਆ ਜਾਵੇ।
2. ਕੀ ਸਕੂਲ ਵਿਚ ਸੀ.ਸੀ.ਈ. ਚਲ ਰਿਹਾ ਹੈ ਜਾ ਨਹੀਂ। ਸੀ.ਸੀ.ਈ. ਅਧੀਨ ਬੱਚਿਆਂ ਦੀ ਪੜ੍ਹਾਈ ਦਾ ਮਿਆਰ ਪਰਖਿਆ ਜਾਂਦਾ ਹੈ।
   - ਕੀ ਸੀ.ਸੀ.ਈ. ਸਬੰਧੀ ਰਿਕਾਰਡ ਸਕੂਲ ਵਲੋਂ ਰੱਖਿਆ ਜਾਂਦਾ ਹੈ ਜਾ ਨਹੀਂ ?
   - ਕੀ ਬੱਚਿਆਂ ਦੇ ਪੜ੍ਹਾਈ ਦੇ ਮਿਆਰ ਸਬੰਧੀ ਨਤੀਜੇ ਮਾਪਿਆਂ ਨਾਲ ਸਾਂਝੇ ਕੀਤੇ ਜਾਂਦੇ ਹਨ ਕਿ ਨਹੀਂ ?

3.1 ਸਿਰਫ ਉਸ ਸਕੂਲ ਵਲੋਂ ਜਾਣਕਾਰੀ ਦਿੱਤੀ ਜਾਵੇ ਜੋ ਕਿ ਮਾਨਤਾ ਪ੍ਰਾਪਤ ਹੈ ਪਰ ਜਿਸ ਨੂੰ ਕੋਈ ਵਿੱਤੀ ਸਹਾਇਤਾ ਸਰਕਾਰ ਵਲੋਂ ਪ੍ਰਾਪਤ ਨਹੀਂ ਹੁੰਦੀ।

- ਬੱਚਿਆਂ ਦੀ ਸੰਖਿਆ ਜਿਨ੍ਹਾਂ ਨੇ ਆਰ.ਟੀ.ਈ ਅਧੀਨ 25% ਕੋਟੇ ਲਈ ਜਮਾਤ ਪਹਿਲੀ ਵਿਚ ਦਾਖਲੇ ਲਈ ਅਰਜੀਆਂ ਦਿੱਤੀਆਂ ਹਨ।
- ਉਪਰੋਕਤ ਆਈਆਂ ਅਰਜੀਆਂ ਵਿਚੋਂ ਕਿੰਨੇ ਬੱਚਿਆਂ ਨੇ ਇਸ ਸਾਲ ਜਮਾਤ ਪਹਿਲੀ ਵਿਚ ਦਾਖਲਾ ਲਿਆ ਹੈ।

3.2 ਸਰਕਾਰ ਵਲੋਂ ਸਹਾਇਤਾ ਪ੍ਰਾਪਤ ਏਡਿਡ ਸਕੂਲ ਹੀ ਇਹ ਜਾਣਕਾਰੀ ਭਰਨਗੇ।

- ਸਕੂਲ ਦੇ ਐਲੀਮੈਂਟਰੀ ਸਿੱਖਿਆ ਉੱਤੇ ਕੀਤੇ ਜਾਂਦੇ ਖਰਚ ਦਾ ਕਿੰਨਾ ਪ੍ਰਤੀਸ਼ਤ ਸਰਕਾਰ ਵਲੋਂ ਦਿੱਤਾ ਜਾਂਦਾ ਹੈ।
- ਪਹਿਲੀ ਜਮਾਤ ਵਿਚ ਮੁਫਤ ਸਿੱਖਿਆ ਲਈ ਦਾਖਲ ਹੋਏ ਵਿਦਿਆਰਥੀਆਂ ਦੀ ਸੰਖਿਆ ਦੱਸੀ ਜਾਵੇ।

3.3 ਇਹ ਜਾਣਕਾਰੀ ਸਿਰਫ ਏਡਿਡ ਅਤੇ ਸਰਕਾਰੀ ਸਕੂਲਾਂ ਵਲੋਂ ਹੀ ਦਿੱਤੀ ਜਾਵੇਗੀ।

- ਕੀ ਸਕੂਲ ਵਿਚ ਸਕੂਲ ਮੈਨੇਜਮੈਂਟ ਕਮੇਟੀ ਬਣੀ ਹੋਈ ਹੈ ਜਾ ਨਹੀ ?

**ਜੇਕਰ ਸਕੂਲ ਵਿਚ ਅਜਿਹੀ ਕੋਈ ਕਮੇਟੀ ਮੌਜੂਦ ਹੈ ਤਾਂ** :-

- ਕਮੇਟੀ ਵਿਚ ਕਿੰਨੇ ਮੈਂਬਰ ਹਨ ?
- ਕਮੇਟੀ ਵਿਚ ਕਿੰਨੇ ਮੈਂਬਰ ਅਜਿਹੇ ਹਨ ਜੋ ਕਿ ਵਿਦਿਆਰਥੀਆਂ ਦੇ ਮਾਪੇ ਹਨ?
- ਕਮੇਟੀ ਵਿਚ ਕਿੰਨੇ ਮੈਂਬਰ ਪਿੰਡ ਦੇ ਰਹਿਣ ਵਾਲੇ ਹੀ ਹਨ?
- ਕਮੇਟੀ ਵਲੋਂ ਪਿਛਲੇ ਵਿਦਿਆਕ ਸਾਲ ਦੌਰਾਨ ਕੀਤੀਆਂ ਮੀਟਿੰਗਾਂ ਦੀ ਸੰਖਿਆ ਬਾਰੇ ਦੱਸਿਆ ਜਾਵੇ।
- ਕੀ ਸਕੂਲ ਨੇ ਆਪਣਾ ਸਕੂਲ ਵਿਕਾਸ ਪਲਾਨ ਤਿਆਰ ਕੀਤਾ ਹੈ ਜਾ ਨਹੀ ?
- ਕੀ ਬੱਚਿਆ ਦਾ ਰਿਕਾਰਡ ਠੀਕ ਢੰਗ ਨਾਲ ਰਜਿਸਟਰਾਂ ਵਿਚ ਰੱਖਿਆ ਜਾਂਦਾ ਹੈ ਜਾ ਨਹੀਂ ?
- ਜੇਕਰ ਪਸਵਕ ਵਲੋਂ ਅਲਗ ਬੈਂਕ ਖਾਤਾ ਰੱਖਿਆ ਗਿਆ ਹੈ ਤਾਂ ਉਸ ਬਾਰੇ ਦੱਸਿਆ ਜਾਵੇ।

4. ਉਨ੍ਹਾਂ ਬੱਚਿਆ ਦੀ ਜਾਣਕਾਰੀ ਦਿੱਤੀ ਜਾਵੇ ਜਿਨ੍ਹਾਂ ਨੂੰ ਕਿਸੇ ਕਿਸਮ ਦੀ ਖਾਸ ਟਰੇਨਿੰਗ ਦੀ ਲੋੜ ਹੈ।

- ਉਨ੍ਹਾਂ ਬੱਚਿਆਂ ਦੀ ਸੰਖਿਆ ਦੱਸੀ ਜਾਵੇ ਜੋ ਇਸ ਸਾਲ ਆਪਣੀ ਉਮਰ ਮੁਤਾਬਿਕ ਜਮਾਤ ਵਿਚ ਦਾਖਲ ਹੋਏ ਹਨ ਅਤੇ ਪਿਛਲੀਆਂ ਜਮਾਤਾਂ ਦੀ ਪੜ੍ਹਾਈ ਲਈ ਖਾਸ ਟਰੇਨਿੰਗ ਦੀ ਲੋੜ ਮਹਿਸੂਸ ਕਰਦੇ ਹਨ।
- ਇਸ ਸਾਲ ਉਪਰੋਕਤ ਵਿਚੋਂ ਕਿੰਨੇ ਬੱਚੇ ਅਜਿਹੀ ਟਰੇਨਿੰਗ ਲੈ ਚੁੱਕੇ ਹਨ ਜਾ ਲੈ ਰਹੇ ਹਨ।
- ਉਨ੍ਹਾਂ ਬੱਚਿਆਂ ਦੀ ਸੰਖਿਆ ਦੱਸੀ ਜਾਵੇ ਜੋ ਪਿਛਲੇ ਸਾਲ ਆਪਣੀ ਉਮਰ ਮੁਤਾਬਿਕ ਜਮਾਤ ਵਿਚ ਦਾਖਲ ਹੋਏ ਹਨ ਅਤੇ ਪਿਛਲੀਆਂ ਜਮਾਤਾਂ ਦੀ ਪੜ੍ਹਾਈ ਲਈ ਖਾਸ ਟਰੇਨਿੰਗ ਦੀ ਲੋੜ ਮਹਿਸੂਸ ਕਰਦੇ ਸਨ।
- ਉਪਰੋਕਤ ਵਿਚੋਂ ਕਿੰਨੇ ਬੱਚੇ ਅਜਿਹੀ ਟਰੇਨਿੰਗ ਲੈ ਚੁੱਕੇ ਸਨ।
- ਜੇਕਰ ਖਾਸ ਟਰੇਨਿੰਗ ਸਕੂਲ ਵਲੋਂ ਦਿੱਤੀ ਜਾਂਦੀ ਹੈ ਤਾਂ ਇਹ ਦੱਸਿਆ ਜਾਵੇ ਕਿ ਇਹ ਟਰੇਨਿੰਗ ਕਿਸ ਵਲੋਂ ਦਿੱਤੀ ਜਾਂਦੀ ਹੈ।
- ਇਹ ਵੀ ਦੱਸਿਆ ਜਾਵੇ ਕਿ ਇਹ ਟਰੇਨਿੰਗ ਕਿਸ ਜਗ੍ਹਾ ਦਿੱਤੀ ਜਾਂਦੀ ਹੈ।
- ਇਹ ਵੀ ਦੱਸਿਆ ਜਾਵੇ ਕਿ ਬੱਚਿਆਂ ਨੂੰ ਕਿਸ ਪ੍ਰਕਾਰ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ।
- ਟਰੇਨਿੰਗ ਵਿਚ ਕਿੰਨੇ ਅਧਿਆਪਕ ਲੱਗੇ ਹੋਏ ਹਨ ਦੀ ਸੰਖਿਆ ਦੱਸੀ ਜਾਵੇ।
- ਕਿੰਨੇ ਅਧਿਆਪਕ ਅਜਿਹੀ ਟਰੇਨਿੰਗ ਲਈ ਆਪ ਪਹਿਲਾਂ ਟਰੇਨਿੰਗ ਲੈ ਚੁੱਕੇ ਹਨ।
- ਕੀ ਵਿਦਿਆਰਥੀਆਂ ਲਈ ਪੜ੍ਹਾਈ ਸਮੱਗਰੀ ਉਪਲਬਧ ਹੈ ਜਾ ਨਹੀਂ।

5. ਸਕੂਲ ਵਿਚ ਵਿਦਿਅਕ ਸਾਲ ਕਿਸ ਮਹੀਨੇ ਤੋਂ ਸ਼ੁਰੂ ਹੁੰਦਾ ਹੈ?

6. ਜੇਕਰ ਸਕੂਲ ਨੂੰ ਕਿਸੇ ਕਿਸਮ ਦੀਆਂ ਕਿਤਾਬਾਂ ਬੱਖਿਆ ਲਈ ਸਰਕਾਰ ਵਲੋਂ ਪ੍ਰਾਪਤ ਹੋਈਆਂ ਹਨ ਤਾਂ ਉਸ ਦੇ ਪ੍ਰਾਪਤ ਹੋਣ ਦਾ ਮਹੀਨਾ ਅਤੇ ਸਾਲ ਦੱਸਿਆ ਜਾਵੇ।

7. ਜਮਾਤ ਅਨੁਸਾਰ ਪ੍ਰਾਪਤ ਹੋਈਆਂ ਕਿਤਾਬਾਂ, ਟੀ.ਐਲ.ਈ. ਅਤੇ ਖੇਡ ਸਮੱਗਰੀ ਦੀ ਉਪਲਬਧਤਾ ਬਾਰੇ ਦੱਸਿਆ ਜਾਵੇ।

## B. ਸਕੂਲ ਇਮਾਰਤਾਂ/ ਸਾਜ ਸਮਾਨ/ਸਹੂਲਤਾਂ/ ਫਰਨੀਚਰ

**(1) ਸਕੂਲੀ ਇਮਾਰਤ ਦਾ ਵੇਰਵਾ** : ਸਕੂਲੀ ਇਮਾਰਤ ਦਾ ਵੇਰਵਾ ਹੇਠ ਲਿਖ਼ੇ ਅਨੁਸਾਰ ਕੋਡਿਤ ਕੀਤਾ ਗਿਆ ਹੈ:-

1. **ਪ੍ਰਾਈਵੇਟ (ਕਿਰਾਇਆ – ਰਹਿਤ)**: ਜੇਕਰ ਸਕੂਲ ਦੀ ਇਮਾਰਤ ਕਿਸੇ ਵਿਅਕਤੀ ਦੀ ਹੋਵੇ ਜਾਂ ਕਿਸੇ ਸੰਸਥਾ ਦੀ ਅਤੇ ਇਹ ਲੋਕਲ ਬਾਡੀ ਜਾਂ ਸਰਕਾਰ ਦੀ ਨਾ ਹੋਵੇ ਤਾਂ ਇਹ ਪਰਾਈਵੇਟ ਇਮਾਰਤ ਮੰਨੀ ਜਾਵੇਗੀ। ਅਜਿਹੀ ਇਮਾਰਤ ਲਈ ਕੋਈ ਵੀ ਕਿਰਾਇਆ ਨਹੀ ਂਦਿੱਤਾ ਜਾਂਦਾ। ਮਿਸਾਲ ਵਜੋਂ ਪ੍ਰਾਈਵੇਟ, ਸਹਾਇਤਾ ਪ੍ਰਾਪਤ – ਸਕੂਲ ਜਿਨ੍ਹਾਂ ਦੀ ਆਪਣੀ ਇਮਾਰਤ ਹੋਵੇ।
2. **ਪ੍ਰਾਈਵੇਟ, ਨਿੱਜੀ (ਕਿਰਾਏ ਅਧੀਨ)**: ਵਿਅਕਤੀ, ਪ੍ਰਾਈਵੇਟ ਸੰਸਥਾ, ਲੋਕਲ ਬਾਡੀ ਜਾਂ ਸਰਕਾਰ ਜੇਕਰ ਸਕੂਲ ਚਲਾ ਰਹੀ ਹੋਵੇ ਜਿਸ ਵਿੱਚ ਇਮਾਰਤ ਦਾ ਕਿਰਾਇਆ ਅਦਾ ਕੀਤਾ ਜਾਂਦਾ ਹੈ।

3. **ਸਰਕਾਰੀ:** ਜੇਕਰ ਸਕੂਲੀ ਇਮਾਰਤ ਕਿਸੇ ਸਰਕਾਰੀ ਵਿਭਾਗ ਦੀ ਹੈ, ਲੋਕਲ ਬਾਡੀ ਦੀ ਹੈ, ਜਾਂ ਕਿਸੇ ਹੋਰ ਸੰਸਥਾ ਦੀ ਜਿਵੇ ਸਿੱਖਿਆ, ਕਬੀਲਾ ਭਲਾਈ, ਸਮਾਜ ਭਲਾਈ ਜਾਂ ਹੋਰ ਵਿਭਾਗ ਦੀ ਅਤੇ ਜਿਹੜੀ ਸਿੱਖਿਆ ਲਈ ਰੱਖੀ ਹੋਈ ਹੈ ਤਾਂ ਇਹ ਕੈਟੇਗਰੀ ਵਿੱਚ ਆਵੇਗੀ।
4. **ਸਰਕਾਰੀ ਸਕੂਲ ਕਿਰਾਇਆ – ਰਹਿਤ ਇਮਾਰਤ:** ਕੁਝ ਸਰਕਾਰੀ ਸਕੂਲਾਂ ਕੋਲ ਆਪਣੀ ਇਮਾਰਤ ਨਹੀ ਹੁੰਦੀ ਪਰ ਉਹ ਕਿਸੇ ਹੋਰ ਇਮਾਰਤ ਨੂੰ ਜਿਹੜੀ ਕਿਸੇ ਕੰਮਿਊਨਟੀ ਨੇ ਦਿੱਤੀ ਹੋਵੇ ਅਤੇ ਉਹ ਉਸਦਾ ਕਿਰਾਇਆ ਨਾ ਦੇਂਦੀ ਹੋਵੇ ।
5. **ਕੋਈ ਇਮਾਰਤ ਨਹੀਂ:** ਸਕੂਲ ਜਿਹੜੇ ਬਗੈਰ ਇਮਾਰਤ ਤੋਂ ਚਲ ਰਹੇ ਹਨ, ਇਸ ਵੰਨਗੀ ਵਿੱਚ ਆਵੇਗਾ।
6. **ਟੁੱਟੀ-ਫੁੱਟੀ ਹਾਲਤ:** ਜੇਕਰ ਸਕੂਲ ਦੀ ਇਮਾਰਤ ਟੁੱਟੀ-ਫੁੱਟੀ ਹਾਲਤ ਵਿਚ ਹੈ ਤਾਂ ਉਸ ਨੂੰ ਇਸ ਕੈਟਾਗਰੀ ਵਿਚ ਦਰਸਾਇਆ ਜਾਵੇ।
7. **ਉਸਾਰੀ ਅਧੀਨ:** ਜੇਕਰ ਸਕੂਲ ਦੀ ਇਮਾਰਤ ਉਸਾਰੀ ਅਧੀਨ ਹੈ ਤਾਂ ਉਸ ਨੂੰ ਇਸ ਕੈਟਾਗਰੀ ਵਿਚ ਦਰਸਾਇਆ ਜਾਵੇ।

**(2). ਪੜ੍ਹਾਉਣ ਲਈ ਵਰਤੇ ਜਾਂਦੇ ਅਤੇ ਦੂਜੇ ਕਮਰਿਆਂ ਦਾ ਵੇਰਵਾ (ਜਿਸ ਸਕੂਲ ਦੀ ਆਪਣੀ ਇਮਾਰਤ ਨਹੀਂ ਉਹ ਨਾ ਭਰਨ)**:-

**ਪੜ੍ਹਾਉਣ ਲਈ ਵਰਤੇ ਜਾਂਦੇ ਜਮਾਤ ਕਮਰਿਆਂ ਦੀ ਗਿਣਤੀ** : ਮੌਜੂਦਾ ਵਿਦਿਅਕ ਸਾਲ ਵਿੱਚ ਵਰਤੇ ਜਾ ਰਹੇ ਜਮਾਤ ਕਮਰਿਆਂ ਦੀ ਗਿਣਤੀ। ਜੇਕਰ ਕਿਸੇ ਕਮਰੇ ਨੂੰ ਲੱਕੜ/ਇੱਟਾਂ ਦੀ ਦੀਵਾਰ ਨਾਲ ਅਲੱਗ ਜਮਾਤ ਕਮਰਿਆਂ ਵਿੱਚ ਵੰਡਿਆ ਗਿਆ ਹੋਵੇ ਤਾਂ ਇਸ ਤਰ੍ਹਾਂ ਹਰ ਕਲਾਸਰੂਮ ਅਲੱਗ ਕਲਾਸਰੂਮ ਮੰਨਿਆ ਜਾਵੇਗਾ। ਜੇਕਰ ਇਕ ਕਮਰੇ ਵਿੱਚ ਇਕ ਤੋ ਵੱਧ ਜਮਾਤਾਂ ਲਗਦੀਆਂ ਹੋਣ ਤਾਂ ਇਸ ਨੂੰ ਇਕੱਲਾ ਕਲਾਸਰੂਮ ਮੰਨਣਾ ਹੋਵੇਗਾ। ਅਜਿਹਾ ਕਰਦੇ ਹੋਏ ਦਫ਼ਤਰ ਦੇ ਕਮਰੇ, ਛੱਡੇ ਜਾ ਚੁੱਕੇ ਜਮਾਤ ਕਮਰਿਆਂ ਨੂੰ ਜਿਨ੍ਹਾਂ ਨੂੰ ਸਟੋਰ ਲਈ ਵਰਤਿਆ ਜਾਂਦਾ ਹੋਵੇ, ਖੇਡ ਕਮਰਾ ਆਦਿ ਨੂੰ ਜਮਾਤਕਮਰਿਆਂ ਦੀ ਗਿਣਤੀ ਵਿੱਚ ਨਾ ਸ਼ਾਮਿਲ ਕੀਤਾ ਜਾਵੇ।

**ਦੂਜੇ ਕਮਰੇ** : ਜਮਾਤ ਕਮਰਿਆਂ ਤੋਂ ਬਗੈਰ ਹੋਰ ਸਾਰੇ ਕਮਰੇ ਇਸ ਵਿਚ ਆ ਜਾਂਦੇ ਹਨ ਜਿਵੇਂ ਕਿ ਹੈੱਡ ਦਾ ਕਮਰਾ, ਲਾਇਬਰੇਰੀ, ਰੀਡਿੰਗ ਰੂਮ, ਸਪੋਰਟਸ ਰੂਮ, ਸਟੋਰ, ਮਨਪ੍ਰਚਾਵਾ ਰੂਮ ਅਤੇ ਹੋਰ ਕਮਰੇ ਜਿਨ੍ਹਾਂ ਨੂੰ ਜਮਾਤ ਕਮਰਿਆਂ ਲਈ ਨਹੀ ਵਰਤਿਆ ਜਾਂਦਾ ਹੋਵੇ।

**ਸਕੂਲ ਇਮਾਰਤਾਂ ਦੇ ਪ੍ਰਕਾਰ ਹੇਠ ਲਿਖੇ ਅਨੁਸਾਰ ਉਪਲਬਦ ਹਨ:-**

1. **ਪੱਕੀ** : ਸਕੂਲ ਇਮਾਰਤ (ਸਰਕਾਰੀ, ਕਿਰਾਏ ਉਤੇ ਜਾਂ ਕਮਿਊਨਿਟੀ ਵੱਲੋਂ ਕਿਰਾਇਆ ਮੁਕਤ ਮੁਹੱਈਆ ਕੀਤੀ) ਜੇਕਰ ਪੱਕੀਆਂ ਇੱਟਾਂ ਦੀ ਦੀਵਾਰ ਵਾਲੀ/ਪੱਥਰ ਦੀਆਂ ਦੀਵਾਰਾਂ ਅਤੇ ਲੱਕੜ ਜਾਂ ਸਲੈਬਾਂ ਦੀ ਛੱਤ ਵਾਲੀ/ ਲੋਹੇ ਦੇ ਗਾਰਡਰ ਜਾਂ ਟਾਈਲਾਂ ਦੀ ਨੂੰ ਪੱਕੀ ਮੰਨਿਆ ਗਿਆ ਹੈ।
2. **ਅਰਧ-ਪੱਕੀ ਸਕੂਲ ਇਮਾਰਤ** : ਸਰਕਾਰੀ ਇਮਾਰਤ (ਸਰਕਾਰੀ, ਕਿਰਾਏ ਉਤੇ ਜਾਂ ਕਮਿਊਨਿਟੀ ਵੱਲੋਂ ਕਿਰਾਇਆ ਮੁਕਤ ਮੁਹੱਈਆ ਕੀਤੀ ਹੋਈ) ਪੱਕੀਆਂ ਇੱਟਾਂ ਅਤੇ ਮਿੱਟੀ ਦੀਆਂ ਦੀਵਾਰਾਂ ਵਾਲਾ, ਲੋਹੇ ਦੀਆਂ ਸ਼ੀਟਾਂ ਜਾਂ ਸੀਮੇਂਟ ਦੀਆਂ ਸੀਟਾਂ ਜਾਂ ਕਾਨੇ-ਫੂਸ ਦੀ ਛੱਤ ਵਾਲੀ ਇਮਾਰਤ ਨੂੰ ਅਰਧ ਪੱਕੀ ਇਮਾਰਤ ਕਰਾਰ ਦਿੱਤਾ ਗਿਆ ਹੈ।
3. **ਕੱਚੀ:-** ਸਕੂਲ ਇਮਾਰਤ (ਸਰਕਾਰੀ, ਕਿਰਾਏ ਉਤੇ ਜਾਂ ਕਮਿਊਨਿਟੀ ਵੱਲੋਂ ਕਿਰਾਇਆ ਮੁਕਤ ਦਿੱਤੀ ਗਈ) ਕੱਚੀਆਂ ਇੱਟਾਂ ਦੀ ਦੀਵਾਰ ਜਾਂ ਮਿੱਟੀ ਦੀ, ਜਿਸ ਦੀ ਛੱਤ ਘਾਹ-ਫੂਸ ਦੀ ਹੋਵੇ, ਅਜਿਹੀ ਇਮਾਰਤ ਨੂੰ ਕੱਚੀ ਕਰਾਰ ਦਿੱਤਾ ਗਿਆ ਹੈ।
4. **ਟੈਂਟ** : ਜਿਸ ਸਕੂਲ ਦਾ ਢਾਂਚਾ ਕੈਨਵੇਸ ਕੱਪੜੇ, ਖੂੰਟੀਆਂ ਅਤੇ ਰੱਸਿਆਂ ਦੀ ਮੱਦਦ ਨਾਲ ਖੜ੍ਹਾ ਕੀਤਾ ਹੋਵੇ ਉਸ ਨੂੰ ਟੈਂਟ ਸਕੂਲ ਮੰਨਿਆ ਜਾਵੇਗਾ।

**ਜਮਾਤਾਂ ਦੇ ਕਮਰਿਆਂ ਦੀ ਹਾਲਤ ਅਤੇ ਉਨ੍ਹਾਂ ਦਾ ਵਰਗੀਕਰਨ (ਕੇਵਲ ਹਦਾਇਤ ਦੇ ਮੰਤਵ ਲਈ)** : ਜਮਾਤਾਂ ਦੇ ਕਮਰਿਆਂ (ਏ) ਅੱਛੀ ਹਾਲਤ ਵਿੱਚ, (ਬੀ) ਚੰਗੀ ਪਰ ਮੁਰੰਮਤ ਭਾਲਦੀ, (ਸੀ) ਭਾਰੀ ਮੁਰੰਮਤ ਦੀ ਮੰਗ ਕਰਦੀ ਵਿੱਚ ਵੰਡਿਆ ਗਿਆ ਹੈ।

(ੳ) **ਅੱਛੀ ਹਾਲਤ ਵਿੱਚ** : ਜਿਹੜੀ ਇਮਾਰਤ ਅਜੇ ਮੁਰੰਮਤ ਨਾ ਮੰਗਦੀ ਹੋਵੇ।

(ਅ) **ਥੋੜ੍ਹੀ ਮੁਰੰਮਤ ਮੰਗਦੀ** : ਆਮ ਤੌਰ ਤੇ ਪੈਚ ਵਰਕ, ਛੱਤ, ਕੰਧ ਜਾਂ ਫਰਸ਼ ਦਾ ਪਲਾਸੀਕਰਣ ਮੰਗਦੀ ਹੋਈ ਜਾਂ ਟੁੱਟੇ ਦਰਵਾਜੇ ਖਿੜਕੀ ਦੀ ਮੁਰੰਮਤ

(ੲ) **ਵੱਡੀ ਮੁਰੰਮਤ ਮੰਗਦੀ** : ਢੇਰ ਸਾਰੀ ਮੁਰੰਮਤ ਦੀ ਭਾਲ ਚਾਹੁੰਦੀ ਹੋਈ ਜਿਸ ਵਿੱਚ ਮੁੜ-ਉਸਾਰੀ ਜਾਂ ਕੰਧ/ਛੱਤ ਦੇ ਢਾਂਚੇ ਵਿੱਚ ਤਬਦੀਲੀ ਦੀ ਜ਼ਰੂਰਤ ਪੈ ਗਈ ਹੋਵੇ।

**ਨੋਟ:** ਉਹ ਜਮਾਤਾਂ ਜਿਹੜੀਆਂ ਪੇਂਟਿੰਗ, ਵਾਰਨਿਸ., ਕਲੀ, ਕਲ-ਪੁਰਜ਼ਿਆਂ ਕਬਜ਼ਿਆਂ ਦੀ ਬਦਲੀ ਦੀ ਜ਼ਰੂਰਤ ਦਰਸਾਉਂਦੇਂ ਹੋਣ ਨੂੰ ਨਿੱਕੀ ਮੁਰੰਮਤ ਵਿੱਚ ਸ਼ਾਮਿਲ ਕੀਤਾ ਜਾਵੇ।

**ਦੂਜੇ ਕਮਰਿਆਂ ਦੀ ਹਾਲਤ ਅਤੇ ਉਨ੍ਹਾਂ ਦਾ ਵਰਗੀਕਰਣ** : **ਦੂਜੇ** ਕਮਰਿਆਂ (ਏ) ਅੱਛੀ ਹਾਲਤ ਵਿੱਚ, (ਬੀ) ਚੰਗੀ ਪਰ ਮੁਰੰਮਤ ਭਾਲਦੀ, (ਸੀ) ਭਾਰੀ ਮੁਰੰਮਤ ਦੀ ਮੰਗ ਕਰਦੀ ਵਿੱਚ ਵੰਡਿਆ ਗਿਆ ਹੈ।

(ੳ) **ਅੱਛੀ ਹਾਲਤ ਵਿੱਚ** : ਜਿਹੜੀ ਇਮਾਰਤ ਅਜੇ ਮੁਰੰਮਤ ਨਾ ਮੰਗਦੀ ਹੋਵੇ।

(ਅ) **ਥੋੜ੍ਹੀ ਮੁਰੰਮਤ ਮੰਗਦੀ** : ਆਮ ਤੌਰ ਤੇ ਪੈਚ ਵਰਕ, ਛੱਤ, ਕੰਧ ਜਾਂ ਫਰਸ਼ ਦਾ ਪਲਾਸੀਕਰਣ ਮੰਗਦੀ ਹੋਈ ਜਾਂ ਟੁੱਟੇ ਦਰਵਾਜੇ ਖਿੜਕੀ ਦੀ ਮੁਰੰਮਤ

(ੲ) **ਵੱਡੀ ਮੁਰੰਮਤ ਮੰਗਦੀ** : ਢੇਰ ਸਾਰੀ ਮੁਰੰਮਤ ਦੀ ਭਾਲ ਚਾਹੁੰਦੀ ਹੋਈ ਜਿਸ ਵਿੱਚ ਮੁੜ-ਉਸਾਰੀ ਜਾਂ ਕੰਧ/ਛੱਤ ਦੇ ਢਾਂਚੇ ਵਿੱਚ ਤਬਦੀਲੀ ਦੀ ਜ਼ਰੂਰਤ ਪੈ ਗਈ ਹੋਵੇ।

**ਨੋਟ:** ਉਹ ਕਮਰੇ ਜਿਹੜੇ ਪੇਂਟਿੰਗ, ਵਾਰਨਿਸ., ਕਲੀ, ਕਲ-ਪੁਰਜ਼ਿਆਂ ਕਬਜ਼ਿਆਂ ਦੀ ਬਦਲੀ ਦੀ ਜ਼ਰੂਰਤ ਦਰਸਾਉਂਦੇਂ ਹੋਣ ਨੂੰ ਨਿੱਕੀ ਮੁਰੰਮਤ ਵਿੱਚ ਸ਼ਾਮਿਲ ਕੀਤਾ ਜਾਵੇ।

(3) **ਪੜ੍ਹਾਉਣ ਲਈ ਵਰਤੇ ਜਾਂਦੇ ਉਸਾਰੀ ਅਧੀਨ ਕਮਰਿਆਂ ਦੀ ਗਿਣਤੀ** :- ਪੜ੍ਹਾਉਣ ਲਈ ਵਰਤੇ ਜਾਂਦੇ ਉਸਾਰੀ ਅਧੀਨ ਕਮਰਿਆਂ ਦੀ ਗਿਣਤੀ ਇਥੇ ਦਰਸਾਈ ਜਾਵੇ।

(4) **ਵਾਧੂ ਕਮਰਾ ਬਨਾਉਣ ਲਈ ਜਮੀਨ** ਦੀ ਉਪਲਬਧਤਾ: ਜੇਕਰ ਵਾਧੂ ਕਮਰਾ ਬਨਾਉਣ ਲਈ ਜਮੀਨ ਉਪਲਬਧ ਹੈ ਤਾਂ 1 ਲਿਖੋ, ਨਹੀਂ ਹੈ ਤਾਂ 2 ਲਿਖੋ।

(5) **ਹੈੱਡ ਮਾਸਟਰ ਲਈ ਵੱਖਰਾ ਕਮਰਾ:-** ਜੇਕਰ ਹੈੱਡ ਮਾਸਟਰ ਲਈ ਵੱਖਰਾ ਕਮਰਾ ਹੈ ਤਾਂ 1 ਲਿਖੋ, ਨਹੀਂ ਹੈ ਤਾਂ 2 ਲਿਖੋ।

(6) **ਬਲੈਕ ਬੋਰਡਾਂ ਦੀ ਗਿਣਤੀ** : ਸਾਰੀ ਤਰ੍ਹਾਂ ਦੇ ਬਲੈਕ ਬੋਰਡ ਕਾਲੇ ਲੱਕੜ ਦੇ ਹੋਣ ਜਿਨ੍ਹਾਂ ਦੇ ਪੈਰ ਹੋਣ ਜਾਂ ਕੰਧ ਦੇ ਢਾਂਚੇ ਵਿੱਚ ਬਣਾਏ ਗਏ ਹੋਣ ਇਸ ਵਿੱਚ ਆ ਜਾਣਗੇ। ਬੱਚਿਆਂ ਦੇ ਨਿੱਕੇ ਬਲੈਕ-ਬੋਰਡ ਜਿਹੜੇ ਕੰਧ ਦੇ ਨਿਚਲੇ ਹਿੱਸੇ ਵਿੱਚ ਹੁੰਦੇ ਹਨ ਇਸ ਸੂਚੀ ਵਿੱਚ ਸ਼ਾਮਿਲ ਨਾਂ ਕੀਤੇ ਜਾਣ।

(7) **ਉਹ ਜ਼ਮਾਤਾਂ ਜੋ ਜਮੀਨ ਲੈਵਲ ਤੇ ਬਲੈਕ ਬੋਰਡ ਅਤੇ ਐਕਟੀਵਿਟੀ ਕਾਰਨਰ ਨਾਲ:-** ਉਹ ਜਮਾਤਾਂ ਜੋ ਬਲੈਕ ਬੋਰਡ ਨਾਲ ਲੈਸ ਹੋਣ ਅਤੇ ਜਿਨ੍ਹਾਂ ਵਿੱਚ ਐਕਟਿਵ ਕਾਰਨਰ ਵੀ ਹੋਵੇ ਉਹ ਇੱਥੇ ਦਰਸਾਉਣੇ ਚਾਹੀਦੇ ਹਨ।

(8) ਪਖਾਨਿਆਂ ਬਾਰੇ ਸੂਚਨਾ: ਪਖਾਨਿਆਂ ਦੀ ਗਿਣਤੀ ਵੱਖਰੇ ਤੌਰ ਤੇ ਮੁੰਡਿਆਂ ਲਈ, ਕੁੜੀਆਂ ਲਈ ਅਤੇ ਸਾਂਝੇ ਪਖਾਨੇ ਲਈ ਦਰਸਾਈ ਜਾਵੇ।

- ਹੁਣ ਤੱਕ ਬਣ ਚੁੱਕੇ ਅਤੇ ਉਪਲਬਧ ਪਖਾਨੇ: ਸਕੂਲ ਵਿਚ ਉਪਲਬਧ ਸਾਰੇ ਪਖਾਨਿਆਂ ਦੀ ਗਿਣਤੀ ਦਰਸਾਈ ਜਾਵੇ।
- ਚਾਲੂ ਹਾਲਤ ਵਾਲੇ ਪਖਾਨੇ: ਉਹ ਸਾਰੇ ਪਖਾਨੇ ਜੋ ਕਿ ਚਾਲੂ ਹਾਲਤ ਵਿਚ ਦੀ ਗਿਣਤੀ ਦਰਸਾਈ ਜਾਵੇ।

(9) **ਆਮ ਪੀਣ ਵਾਲੇ ਪਾਣੀ ਦੀ ਸੁਵਿਧਾ** : ਸਕੂਲ ਵਿੱਚ ਪੀਣ ਵਾਲੇ ਪਾਣੀ ਦਾ ਸੋਮਾ ਦਰਜ਼ ਕਰੋ। ਨਾਲੇ ਇਹ ਸੋਮੇ ਇਕ ਤੋਂ ਵੱਧ ਹੋਣ ਤਾਂ ਵੀ ਇੱਕੋ ਹੀ ਸੋਮਾ ਦਰਜ਼ ਕੀਤਾ ਜਾਵੇ, ਸੰਭਵ ਸੋਮੇ ਹਨ:- ਹੈਡਂ ਪੰਪ 1, ਖੂਹ 2, ਪਾਣੀ ਦੀ ਟੂਟੀ 3, ਦੂਜੇ 4, ਕੋਈ ਨਹੀਂ 5, ਸਬਮਰਜ਼ੀਬਲ ਪੰਪ (10)

- **ਕੀ ਪੀਣ ਵਾਲੇ ਪਾਣੀ ਦਾ ਸੋਮਾ ਠੀਕ ਹਾਲਤ ਵਿਚ ਹੈ:** ਜੇਕਰ ਉਤਰ ਹਾਂ ਹੈ ਤਾਂ 1 ਲਿਖੋ, ਨਹੀਂ ਤਾਂ 2 ਲਿਖੋ।

(10) **ਸਕੂਲ ਵਿੱਚ ਬਿਜਲੀ ਦਾ ਕੁਨੈਕਸ਼ਨ** : ਜੇਕਰ ਸਕੂਲ ਨੂੰ ਬਿਜਲੀ ਦਾ ਕੁਨੈਕਸ਼ਨ ਮਿਲਿਆ ਹੋਇਆ ਹੈ ਅਤੇ ਬਿਜਲੀ ਦੇ ਉਪਕਰਣ ਵਰਤੇ ਜਾ ਸਕਦੇ ਹਨ ਤਾਂ 1 ਲਿਖੋ ਨਹੀਂ ਤਾਂ 2 ਲਿਖੋ।

(11) **ਚਾਰਦਿਵਾਰੀ** : ਇਸ ਲਈ ਉੱਤਰ ਹਨ; ਚੰਗੀ ਹਾਲਤ ਵਿੱਚ 1, ਅਤੇ ਪੱਕੀ ਪਰ ਟੁੱਟੀ ਹੋਈ 2, ਕੰਡਿਆਲੀ ਤਾਰ ਦੀ ਵਾੜ 3, ਝਾੜ-ਫੂਸ ਦੀ ਦਿਵਾਰ 4, ਕੋਈ ਚਾਰਦਿਵਾਰੀ ਨਹੀਂ 5, ਅਤੇ ਹੋਰ 6, ਅਧੂਰੀ ਬਣੀ ਹੋਈ 7, ਉਸਾਰੀ ਅਧੀਨ 8।

(12) **ਬੁੱਕ ਬੈਂਕ/ਲਾਈਬ੍ਰੇਰੀ/ਰੀਡਿੰਗ ਕਾਰਨਰ** : ਹਾਂ ਲਈ 1, ਨਹੀਂ ਹੈ 2 ਹਨ । ਬੁੱਕ ਬੈਂਕ ਤੋਂ ਭਾਵ ਕੋਰਸ ਦੀਆਂ ਕਿਤਾਬਾਂ ਦਾ ਭੰਡਾਰ ਹੋਣ ਤੋਂ ਹੈ ਜਿਹੜੀਆਂ ਬੱਚੇ ਹਰ ਸਾਲ ਦੌਰਾਨ ਉਧਾਰ ਲੈ ਸਕਦੇ ਹਨ ਅਤੇ ਸਾਲ ਦੇ ਅੰਤ ਉਤੇ ਵਾਪਸ ਕਰ ਸਕਦੇ ਹਨ, ਜੇਕਰ ਇਹ ਸਿਸਟਮ ਉਪਲਬਦ ਹੈ ਤਾਂ 1 ਲਿਖੋ ਨਹੀ ਹੈ ਤਾਂ 2 ਲਿਖੋ।

(13) ਕੀ ਸਕੂਲ ਨੇ ਕੋਈ **ਮੈਗਜੀਨ ਜਾਂ ਅਖਬਾਰ** ਆਦਿ ਲਗਾਈ ਹੋਈ ਹੈ ?

(14) **ਖੇਡਣ ਲਈ ਮੈਦਾਨ** : ਕੀ ਕੋਈ ਖੇਡਣ ਲਈ ਮੈਦਾਨ ਸਕੂਲ ਦੀ ਪ੍ਰਕਰਮਾ ਵਿੱਚ ਹੈ ਜਾਂ ਨਹੀਂ। ਜੇਕਰ ਹੈ ਅਤੇ ਅੱਛੀ ਹਾਲਤ ਵਿੱਚ ਹੈ ਤਾਂ 1 ਲਿਖੋ ਜੇਕਰ ਨਹੀਂ ਹੈ ਤਾਂ 2 ਲਿਖੋ।

(14ਏ) ਕੀ ਸਕੂਲ ਵਿਚ ਖੇਡ ਦਾ ਮੈਦਾਨ ਬਨਾਉਣ ਲਈ ਜਗ੍ਹਾ ਉਪਲਬਧ ਹੈ ?

(15) **ਕੁੱਲ ਉਪਲਬਧ ਕੰਪਿਊਟਰਾਂ ਦੀ ਗਿਣਤੀ** : ਸਕੂਲ ਵਿੱਚ ਮੌਜੂਦ ਕੁਲ ਕੰਪਿਊਟਰਾਂ ਦੀ ਗਿਣਤੀ ਦਰਜ਼ ਕਰੋ।

(a) ਚਾਲੂ ਹਾਲਤ ਵਾਲੇ ਕਪਿਊਟਰਾਂ ਦੀ ਗਿਣਤੀ: ਚਾਲੂ ਹਾਲਤ ਵਾਲੇ ਕਪਿਊਟਰਾਂ ਦੀ ਗਿਣਤੀ ਦਰਸਾਈ ਜਾਵੇ।

(16) **ਕੰਪਿਊਟਰ ਏਡਿਡ ਲਰਨਿੰਗ (CAL) ਲੈਬ:** ਜੇਕਰ ਸਕੂਲ ਵਿਚ ਇਸ ਤਰਾਂ ਦੀ ਲੈਬ ਹੈ ਤਾਂ 1 ਲਿਖੋ, ਜੇਕਰ ਨਹੀਂ ਹੈ ਤਾਂ 2 ਲਿਖੋ, ਜੇਕਰ ਲੈਬ ਤਾਂ ਹੈ ਪਰ ਵਰਤੋਂ ਯੋਗ ਨਹੀਂ ਹੈ ਤਾਂ 3 ਲਿਖੋ।

(17) **ਪਿਛਲੇ ਵਿਦਿਅਕ ਸਾਲ ਦੌਰਾਨ ਮੈਡੀਕਲ ਚੈਕੱ-ਅੱਪ** : ਏ.ਐਨ.ਐਮ. ਜਾਂ ਟਰੇਡਂ ਟੀਚਰਾਂ ਰਾਹੀਂ ਭਰੇ ਸਿਹਤ ਕਾਰਡ ਧਿਆਨ ਵਿੱਚ ਰੱਖੇ ਜਾਣ। ਇਸ ਲੜੀ ਵਿੰਚ ਚੋਣ ਹੈ ਤਾਂ 1, ਨਹੀਂ ਹੈ 2

(18) **ਰੈਂਪਸ (ਅਪਾਹਿਜ ਬੱਚਿਆਂ ਲਈ)** : ਜੇਕਰ ਅਜਿਹੇ ਰੈਂਪਸ ਅਪਾਹਿਜ ਬੱਚਿਆਂ ਦੇ ਤੁਰਨ ਲਈ ਬਣਾਏ ਗਏ ਹੋਣ ਤਾਂ ਲਿਖੋ 1 ਨਹੀਂ ਤਾਂ 2 ਲਿਖੋ।

ਜੇਕਰ ਸਕੂਲ ਵਿਚ ਰੈਂਪਸ ਉਪਲਬਧ ਹੈ ਤਾਂ ਕੀ ਉਸ ਨਾਲ ਹੈਂਡ-ਰੇਲ ਲੱਗੀ ਹੋਈ ਹੈ ਜਾ ਨਹੀਂ ?

(19) **ਅਧਿਆਪਕਾਂ ਲਈ ਫਰਨੀਚਰ:-** ਜੇਕਰ ਪੂਰਾ ਫਰਨੀਚਰ ਹੈ ਤਾਂ 1 ਲਿਖੋ, ਜੇਕਰ ਕੁੱਝ ਜਾਂ ਥੋੜ੍ਹਾ ਫਰਨੀਚਰ ਹੈ ਤਾਂ 2 ਲਿਖੋ। ਜੇਕਰ ਕੋਈ ਫਰਨੀਚਰ ਨਹੀਂ ਹੈ ਤਾਂ 3 ਲਿਖੋ।

(20) **ਵਿਦਿਆਰਥੀਆਂ ਲਈ ਫਰਨੀਚਰ:-** ਜੇਕਰ ਪੂਰਾ ਫਰਨੀਚਰ ਹੈ ਤਾਂ 1 ਲਿਖੋ, ਜੇਕਰ ਕੁੱਝ ਜਾਂ ਥੋੜ੍ਹਾ ਫਰਨੀਚਰ ਹੈ ਤਾਂ 2 ਲਿਖੋ। ਜੇਕਰ ਕੋਈ ਫਰਨੀਚਰ ਨਹੀਂ ਹੈ ਤਾਂ 3 ਲਿਖੋ।

(21) **ਮਾਪਿਆ ਹੋਇਆ ਸਕੂਲ ਕੈਂਪਸ** : ਕੀ ਸਕੂਲ ਵਿਚ ਜਗ੍ਹਾ ਅਤੇ ਕਮਰਿਆਂ ਆਦਿ ਦੀ ਲੰਬਾਈ, ਚੋੜਾਈ, ਖੇਤਰਫਲ ਆਦਿ ਬਾਰੇ ਜਾਣਕਾਰੀ ਉਪਲਬਧ ਹੈ ਜਾ ਨਹੀਂ।

(22) **ਚਾਰਦਿਵਾਰੀ ਦੀ ਲੰਬਾਈ (ਜੋ ਕਿ ਚਾਹੀਦੀ ਹੈ):** ਜਰੂਰਤ ਅਨੁਸਾਰ ਚਾਰਦਿਵਾਰੀ ਦੀ ਲੰਬਾਈ (running feet ਵਿਚ) ਦਰਸਾਈ ਜਾਵੇ।

## B(i) ਮਿੱਡ ਡੇ ਮੀਲ ਬਾਰੇ ਜਾਣਕਾਰੀ

**(1) ਮਿੱਡ ਡੇ ਮੀਲ ਦਾ ਸਟੇਟਸ:** ਸੰਭਵ ਚੋਣ ਉਤਰ ਹਨ : ਲਾਗੂ ਨਹੀਂ ਹੁੰਦਾ (0), ਨਹੀਂ ਵਰਤਾਇਆ ਜਾਂਦਾ(1), ਵਰਤਾਇਆ ਜਾਂਦਾ ਹੈ ਅਤੇ ਸਕੂਲ ਵਿਚ ਹੀ ਬਣਾਇਆ ਜਾਂਦਾ ਹੈ(2), ਵਰਤਾਇਆ ਜਾਂਦਾ ਹੈ ਪਰ ਸਕੂਲ ਵਿਚ ਨਹੀਂ ਬਣਾਇਆ ਜਾਂਦਾ(3)।

**(i) ਜੇਕਰ ਵਰਤਾਇਆ ਜਾਂਦਾ ਹੈ ਅਤੇ ਸਕੂਲ ਵਿਚ ਹੀ ਬਣਾਇਆ ਜਾਂਦਾ ਹੈ।**

**(a) ਰਸੋਈ ਘਰ ਦਾ ਵੇਰਵਾ:** ਸੰਭਵ ਚੋਣ ਉਤਰ ਹਨ- ਉਪਲਬਧ ਹੈ (1), ਉਪਲਬਧ ਨਹੀਂ ਹੈ (2), ਉਸਾਰੀ ਅਧੀਨ(3), ਜਮਾਤ ਦਾ ਕਮਰਾ ਵਰਤਿਆ ਜਾਂਦਾ ਹੈ(4)।

**(b) ਮਿਡ-ਡੇ-ਮੀਲ ਬਨਾਉਣ ਵਾਲੇ** ਇਸਤਰੀ ਅਤੇ ਪੁਰਸ਼ ਦੋਵਾਂ ਦੀ ਸੰਖਿਆ ਦੱਸੀ ਜਾਵੇ।

**(ii) ਜੇਕਰ ਵਰਤਾਇਆ ਜਾਂਦਾ ਹੈ ਪਰ ਸਕੂਲ ਵਿਚ ਨਹੀਂ ਬਣਾਇਆ ਜਾਂਦਾ।**

**(a) ਮਿੱਡ ਡੇ ਮੀਲ ਉਪਲਬਧ ਕਰਵਾਉਣ ਦਾ ਸੋਮਾ:** ਨੇੜਲੇ ਸਕੂਲ ਵਲੋਂ ਉਪਲਬਧ ਕਰਵਾਇਆ ਜਾਂਦਾ ਹੈ(1), ਐਨ.ਜੀ.ਓ. ਵਲੋਂ(2), ਸੈਲਫ ਹੈਲਪ ਗਰੁੱਪ(3), ਪੀ.ਟੀ.ਏ./ਐਮ.ਟੀ.ਏ.(4), ਕੋਈ ਹੋਰ(5)

**(2) ਇੱਕ ਵਾਰ ਦਿੱਤੀ ਜਾਣ ਵਾਲੀ ਬਰਤਨਾਂ ਲਈ ਗਰਾਂਟ:** ਜੇਕਰ ਸਕੂਲ ਨੂੰ ਇਹ ਗਰਾਂਟ ਮਿਤੀ ਹੈ ਤਾਂ 1 ਲਿਖੋ, ਨਹੀਂ ਮਿਲੀ ਤਾਂ 2 ਲਿਖੋ।

**(3) ਵਿਦਿਆਰਥੀਆਂ ਦੀ ਗਿਣਤੀ ਜਿਨ੍ਹਾਂ ਨੂੰ ਇਸ ਸਾਲ ਦੌਰਾਨ ਮਿੱਡ ਡੇ ਮੀਲ ਮਿਲਿਆ ਹੈ:** ਮੁੰਡੇ ਅਤੇ ਕੁੜੀਆਂ ਦੀ ਗਿਣਤੀ ਵੱਖਰੇ ਤੌਰ ਤੇ ਦਰਸਾਈ ਜਾਵੇ।

**(4) ਦਿੱਤੇ ਗਏ ਮਿਡ-ਡੇ-ਮੀਲ ਦੀ ਗਿਣਤੀ:** ਇੱਥੇ ਬੱਚਿਆ ਦੀ ਹਾਜਰੀ ਦਰਸਾਈ ਜਾਵੇ।

**(5) ਦਿਨਾਂ ਦੀ ਗਿਣਤੀ ਜਿਸ ਦੌਰਾਨ ਪਿਛਲੇ ਸਾਲ ਮਿੱਡ ਡੇ ਮੀਲ ਵਰਤਾਇਆ ਗਿਆ** : ਪਿਛਲੇ ਸਾਲ ਦੌਰਾਨ ਦਿਨਾਂ ਦੀ ਗਿਣਤੀ ਦਰਸਾਈ ਜਾਵੇ ਜਿਸ ਦੌਰਾਨ ਮਿਡ ਡੇ ਮੀਲ ਵਰਤਾਇਆ ਗਿਆ।

**(6) ਨਰੀਖਣ ਟੀਮ ਦੇ ਮੈਂਬਰਾਂ ਵਲੋਂ ਪਿਛਲੇ ਸਾਲ ਕਿੰਨੀ ਵਾਰ ਨਰੀਖਣ ਕੀਤਾ ਗਿਆ।**

**(7) ਪਿੰਡ ਦੇ ਮੈਂਬਰਾਂ ਵਲੋਂ ਕਿੰਨੀ ਵਾਰ ਨਰੀਖਣ ਕੀਤਾ ਗਿਆ।**

## C) ਅਧਿਆਪਕ

1. **ਅਧਿਆਪਕ ਦਾ ਨਾਮ** : ਪੂਰਾ ਨਾਮ ਜੋ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਹੈ, ਦਰਜ ਕਰੋ।

2. **ਲਿੰਗ** : ਮਰਦ ਲਈ 1, ਔਰਤ ਲਈ 2 ਲਿਖੋ। ਇਸ ਕਾਲਮ ਨੂੰ ਖਾਲੀ ਨਾ ਛੱਡਿਆ ਜਾਵੇ।

3. **ਜਨਮ ਮਿਤੀ**: ਸਰਕਾਰੀ ਰਿਕਾਰਡ ਦੇ ਆਧਾਰ ਤੇ ਜਨਮ ਮਿਤੀ ਦਰਜ ਕਰੋ।

4. **ਕੈਟਗਰੀ**: ਸੰਭਵ ਚੋਣ ਉਤਰ ਹਨ: ਆਮ 1,ਅਨੁਸੂਚਿਤ ਸ਼੍ਰੇਣੀਆ 2,ਅਨੁਸੂਚਿਤ ਜਾਤੀਆਂ 3,ਦੂਜੀਆਂ ਪਛੜੀਆਂ ਸ਼੍ਰੇਣੀਆਂ 4,ਹੋਰ ਪਛੜੀਆਂ ਸ਼੍ਰੇਣੀਆਂ 5, ਹੋਰ ਕੋਈ 6 ਲਿਖੋ ।

5. **ਕਿਸਮ** : ਸਾਰੇ ਅਧਿਆਪਕ ਸਟਾਫ ਨੂੰ ਹੇਠ ਲਿਖੇ ਵਰਗਾਂ ਵਿੱਚ ਵੰਡਿਆ ਜਾਵੇ :- ਇਸ ਸੂਚੀ ਅਧੀਨ 1 ਤੋਂ 7 ਕਿਸਮਾਂ ਆਉਦੀਆਂ ਹਨ : ਸੰਭਵ ਉਤਰ ਹਨ ਹੈਡੱ-ਟੀਚਰ 1, ਐਕਟਿੰਗ ਹੈਡ 2, ਅਧਿਆਪਕ 3, ਪੈਰਾ ਟੀਚਰ 4, ਪਾਰਟ ਟਾਈਮ ਅਧਿਆਪਕ 5, ਕਮਿਊਨਿਟੀ ਟੀਚਰ 6, ਭਾਸ਼ਾ ਅਧਿਆਪਕ 7, ਹੋਰ 8 ਲਿਖੋ।

   1. **ਹੈੱਡ-ਟੀਚਰ** : ਸਰਕਾਰੀ ਸਕੂਲਾਂ ਵਿੱਚ ਪ੍ਰਿੰਸੀਪਲ/ਹੈੱਡ-ਟੀਚਰ ਦੀ ਆਸਾਮੀ ਕੇਵਲ ਉਚ-ਪ੍ਰਾਇਮਰੀ ਅਤੇ ਉਪਰਲੇ ਵਰਗਾਂ ਦੇ ਸਕੂਲਾਂ ਲਈ ਮੰਨਜ਼ੂਰ ਕੀਤੀ ਗਈ ਹੈ। ਲੋਅਰ-ਪ੍ਰਾਇਮਰੀ ਵਿੱਚ ਇਹ ਆਸਾਮੀ ਨਹੀਂ ਹੁੰਦੀ ਪਰ ਸਭ ਤੋਂ ਸੀਨੀਅਰ ਟੀਚਰ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਉਦਾਂ ਹੈ। ਕੁਝ ਪ੍ਰਾਈਵੇਟ ਸਕੂਲਾਂ ਵਿੱਚ ਇਹ ਸਥਿਤੀ ਵੀ ਹੋ ਸਕਦੀ ਹੈ ਕਿ ਲੋਅਰ ਪ੍ਰਾਇਮਰੀ ਵਿੱਚ ਵੀ ਹੈਡੱ-ਟੀਚਰ ਦੀ ਰੈਗੂਲਰ ਪੋਸਟ ਹੋਵੇ। ਜੇਕਰ ਹੈੱਡਮਾਸਟਰ ਜਾਂ ਪ੍ਰਿੰਸੀਪਲ ਰੈਗੂਲਰ ਅਸਾਮੀ ਵਿਰੁੱਧ ਕੰਮ ਕਰ ਰਿਹਾ ਹੈ ਤਾਂ 1 ਦਰਜ ਕਰੋ।

   2. **ਐਕਟਿੰਗ ਹੈੱਡ-ਟੀਚਰ** : ਉਪਰ ਇੱਕ ਨੰਬਰ ਵਾਲੀ ਹਾਲਤ ਹੀ ਬਸ਼ਰਤੇ ਕਿ ਐਕਟਿੰਗ ਹੈੱਡ ਕਿਸੇ ਸਮਰੱਥ ਅਥਾਰਟੀ ਦੇ ਆਦੇਸ਼ਾਂ ਦੇ ਆਧਾਰ ਤੇ ਨਿਯੁਕਤ ਹੋਇਆ ਹੈ।

   3. **ਪੱਕੇ ਅਧਿਆਪਕ** : ਸਕੂਲ ਦੇ ਕੁਝ ਅਧਿਆਪਕ ਜਿਸ ਵਿੱਚ ਹੈੱਡ-ਟੀਚਰ ਸ਼ਾਮਿਲ ਨਾ ਕੀਤਾ ਜਾਵੇ। ਜਿੱਥੇ ਲੋਅਰ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਦੋਵੇਂ ਤਰ੍ਹਾਂ ਦੇ ਮਿਲਗੋਭੇ ਵਾਲੀ ਹਾਲਤ ਹੋਵੇ ਉਥੇ ਕੁਝ ਅਜਿਹੇ ਅਧਿਆਪਕ ਹੋਣਗੇ ਜਿਹੜੇ ਲੋਅਰ ਅਤੇ ਅੱਪਰ ਦੋਵੇਂ ਜਮਾਤਾਂ ਲੈਂਦੇਂ ਹੋਣਗੇ। ਅਜਿਹੀ ਸੂਰਤ ਵਿੱਚ ਲੋਅਰ ਅਤੇ ਅੱਪਰ ਵਿੱਚ ਖਰਚੇ ਘੰਟੇ ਅਲੱਗ-ਅਲੱਗ ਕੱਢੋ। ਜੇਕਰ ਲੋਅਰ ਪ੍ਰਾਇਮਰੀ ਵਿੱਚ ਬਿਤਾਏ ਘੰਟਿਆਂ ਦੀ ਗਿਣਤੀ 50% ਤੋਂ ਵੱਧ ਜਾਂਦੀ ਹੈ ਤਾਂ ਉਹ ਅਧਿਆਪਕ ਲੋਅਰ ਪ੍ਰਾਇਮਰੀ ਸਕੂਲ ਦਾ ਹੀ ਦਰਸਾਇਆ ਜਾਵੇ।

   4. **ਠੇਕੇ ਦੇ ਅਧਾਰ ਤੇ ਰੱਖੇ ਟੀਚਰ** : ਕਿਸੇ ਵੀ ਸਕੀਮ ਅਧੀਨ ਨਿਯੁਕਤ ਠੇਕੇ ਦੇ ਅਧਾਰ ਤੇ ਰੱਖੇ ਟੀਚਰਾਂ ਦੀ ਗਿਣਤੀ ਵੱਖਰੀ ਦਰਸਾਈ ਜਾਵੇ।

   5. **ਪਾਰਟ-ਟਾਈਮ ਅਧਿਆਪਕ** : ਜੇਕਰ ਕੋਈ ਅਜਿਹਾ ਅਧਿਆਪਕ ਕੰਮ ਕਰ ਰਿਹਾ ਹੈ ਤਾਂ ਉਸ ਨੂੰ ਅੰਕਿਤ ਕੀਤਾ ਜਾਵੇ।

6 **ਮੌਜੂਦਾ ਨੌਕਰੀ ਵਿੱਚ ਪ੍ਰਵੇਸ਼ ਦਾ ਸਾਲ** : ਦਫਤਰੀ ਰਿਕਾਰਡ ਅਨੁਸਾਰ ਆਰੰਭਕ ਸਾਲ ਦਰਜ਼ ਕਰੋ।

**7 ਉਚਤਮ ਯੋਗਤਾਵਾਂ :**

(ੳ) **ਵਿਦਿਅਕ**: ਸੰਭਵ ਉਤਰ ਹਨ ਸੈਕੰਡਰੀ ਤੋਂ ਹੇਠਾਂ 1, ਸੈਕੰਡਰੀ 2, ਹਾਇਰ ਸੈਕੰਡਰੀ 3, ਗਰੈਜੂਏਟ 4, ਪੋਸਟ ਗਰੈਜੂਏਟ 5, ਐਮ ਫਿਲ ਜਾਂ ਪੀ.ਐਚ.ਡੀ. 6, ਦੂਜੇ 7.

(ਬੀ) **ਪੇਸ਼ਾਵਰ ਯੋਗਤਾਵਾਂ** : ਸੰਭਵ ਉਤਰ ਹੈ : ਜੇ.ਬੀ.ਟੀ., ਈ.ਟੀ.ਟੀ. ਜਾਂ ਬਰਾਬਰ 1, ਬੈਚਲਰ ਆਫ ਐਲੀਮੈਂਟਰੀ ਐਜੂਕੇਸ਼ਨ ਜਾਂ ਬਰਾਬਰ 2, ਬੀ.ਐਡ. ਜਾਂ ਬਰਾਬਰ 3, ਐਮ.ਐਡੱ. ਜਾਂ ਬਰਾਬਰ 4, ਕੋਈ ਹੋਰ 5, ਕੋਈ ਨਹੀਂ 6, ਕਿਸੇ ਵਿਸ਼ੇਸ਼ ਵਿਸ਼ੇ ਵਿਚ ਡਿਪਲੋਮਾ ਜਾ ਡਿਗਰੀ (7)।

**8 ਪੜ੍ਹਾਈਆਂ ਜਾਂਦੀਆਂ ਜਮਾਤਾਂ** :

ਸੰਭਵ ਉਤਰ ਹਨ :- ਪ੍ਰਾਇਮਰੀ ਕੇਵਲ 1, ਅੱਪਰ ਪ੍ਰਾਇਮਰੀ 2, ਵਧੇਰੇ ਪ੍ਰਾਇਮਰੀ 3, ਵਧੇਰੇ ਅੱਪਰ ਪ੍ਰਾਇਮਰੀ 4, ਯਕੀਨ ਨਾਲ ਕਿਹਾ ਨਹੀਂ ਜਾ ਸਕਦਾ 5, ਸਿਰਫ ਸੈਕੰਡਰੀ 6, ਵਧੇਰੇ ਸੈਕੰਡਰੀ 7, ਵਧੇਰੇ ਹਾਇਰ ਸਕੈਂਡਰੀ 8 ।

**9.** **ਖਾਸ ਪੜ੍ਹਾਏ ਜਾਂਦੇ ਵਿਸ਼ੇ** : ਸੰਭਵ ਉਤਰ ਹਨ :- ਸਾਰੇ ਵਿਸ਼ੇ 1, ਭਾਸ਼ਾ 2, ਗਣਿਤ 3, ਵਾਤਾਵਰਣ ਸਟਡੀਜ 4, ਖੇਡਾਂ 5, ਸੰਗੀਤ 6, ਵਿਗਿਆਨ 7, ਸਮਾਜਿਕ ਸਿੱਖਿਆ 8, ਅੰਗਰੇਜੀ 9, ਪੰਜਾਬੀ 10, ਹਿੰਦੀ 11, ਇਕਨਾਮਿਕਸ 12, ਖੇਤੀ ਬਾੜੀ 13, ਭੂਗੋਲ 14, ਸਮਾਜ ਵਿਗਿਆਨ 15, ਰਾਜਨੀਤੀ ਸ਼ਾਸਤਰ 16, ਲੇਖਾਕਾਰੀ -17, ਬਾਇਉਲੋਜੀ 18, ਕਮਿਸਟਰੀ 19, ਫਿਜ਼ਿਕਸ 20, ਕਲਾ ਸਿੱਖਿਆ 91, ਸਿਹਤ ਸਿੱਖਿਆ 92, ਵਰਕ ਐਜੂਕੇਸ਼ਨ 93, ਕੋਈ ਹੋਰ ਵਿਸ਼ਾ 0

**10.** **ਪਿਛਲੇ ਵਿਦਿਅਕ ਸਾਲ ਵਿੱਚ ਸਰਵਿਸ ਦੌਰਾਨ ਲਈ ਟ੍ਰੇਨਿੰਗ ਦੇ ਕੁਲ ਦਿਨ** : ਡੀ.ਪੀ.ਈ.ਪੀ. ਨਿਯਮਾਂ ਦੇ ਇਕ ਹਿੱਸੇ ਵਜੋ 'ਸਰਵਿਸ ਦੌਰਾਨ ਟਰੇਨਿੰਗ ਸੰਭਵ ਹੋਈ ਹੈ। ਪਿਛਲੇ ਵਿਦਿਅਕ ਸਾਲ ਦੌਰਾਨ ਪ੍ਰਾਪਤ ਇਨ ਸਰਵਿਸ ਟ੍ਰੇਨਿੰਗ ਦਾ ਹਰੇਕ ਵਰਗ (ਬੀ.ਆਰ.ਸੀ., ਸੀ.ਆਰ.ਸੀ.,/ਡਾਈਟ/ਦੂਜੇ ਹੋਰ) ਦਾ ਵੇਰਵਾ ਦਿਓ।

**11.** **ਕਿੰਨੇ ਕੰਮ ਵਾਲੇ ਦਿਨ ਗੈਰ-ਸਿੱਖਿਅਕ ਕੰਮਾਂ ਵਿੱਚ ਬਤੀਤ ਕੀਤੇ** : ਅਧਿਆਪਕ ਕਈ ਵਾਰ ਨਾਨ-ਟੀਚਿੰਗ ਪਰ ਦਫਤਰੀ ਜਾਂ ਦੂਜੇ ਵਿਭਾਗੀ ਕੰਮਾਂ ਵਿੱਚ ਲਗਾ ਦਿੰਦੇ ਹਨ। ਅਜਿਹੇ ਕਈ ਕੰਮ ਸਕੂਲ ਟਾਈਮ ਦੇ ਵਿੱਚ ਹੀ ਕੀਤੇ ਜਾਂਦੇ ਹਨ। ਪਿਛਲੇ ਸਿੱਖਿਆ ਸਾਲ ਵਿੱਚ ਅਜਿਹੇ ਗੈਰ-ਸਿੱਖਿਅਕ ਕੰਮਾਂ ਵਿੱਚ ਕਿੰਨੇ ਦਿਨ ਲਗਾਏ। ਇਸ ਵਿੱਚ ਉਹ ਦਿਨ ਨਾ ਸ਼ਾਮਿਲ ਕੀਤੇ ਜਾਣ ਜਿਹੜੇ ਸਰਵਿਸ-ਦੌਰਾਨ ਟਰੇਨਿੰਗ ਉਤੇ ਖਰਚ ਹੋਏ। ਨਾਨ-ਟੀਚਿੰਗ ਅਸਾਈਨਮੈਟਂ ਵਿੱਚ ਛੁੱਟੀਆਂ ਦੇ ਦਿਨ ਨਾ ਸ਼ਾਮਿਲ ਕੀਤੇ ਜਾਣ।

**12.** **ਮੈਥ ਕਿੱਥੋਂ ਤੱਕ ਪੜ੍ਹਿਆ ਹੈ:-** ਸੰਭਵ ਉਤੱਰ ਹਨ : ਸੈਕੰਡਰੀ ਤੋਂ ਹੇਠਾਂ 1, ਸੈਕੰਡਰੀ 2, ਹਾਇਰ-ਸੈਕੰਡਰੀ 3, ਗਰੈਜੂਏਟ 4, ਪੋਸਟ ਗਰੈਜੂਏਟ 5, ਐਮ.ਫਿਲ, ਪੀ.ਐਚ.ਡੀ. 6, ਹੋਰ 7 ਲਿਖੋ।

**13.** **ਅੰਗ੍ਰੇਜੀ ਕਿਥੋਂ ਤਕ ਪੜ੍ਹੀ ਹੈ:-** ਇਸ ਆਈਟਮ ਅਧੀਨ 1 ਤੋਂ 7 ਤਕ ਹੇਠਾਂ ਅਨੁਸਾਰ ਉਤਰ ਬਣਦੇ ਹਨ:-

ਸੈਕੰਡਰੀ ਤੋਂ ਹੇਠਾਂ 1, ਸੈਕੰਡਰੀ 2, ਹਾਇਰ ਸੈਕੰਡਰੀ 3, ਗ੍ਰੈਜੂਏਟ 4, ਪੋਸਟ ਗ੍ਰੈਜੂਏਟ 5, ਐਮ. ਫਿਲ. ਜਾਂ ਪੀ.. ਐਚ. ਡੀ. 6, ਹੋਰ 7 ਲਿਖੋ।

**14.** **ਸਮਾਜਿਕ ਸਿੱਖਿਆ ਕਿਥੋਂ ਤਕ ਪੜ੍ਹੀ ਹੈ:-** ਇਸ ਆਈਟਮ ਅਧੀਨ 1 ਤੋਂ 7 ਤਕ ਹੇਠਾਂ ਅਨੁਸਾਰ ਉਤਰ ਬਣਦੇ ਹਨ:-

ਸੈਕੰਡਰੀ ਤੋਂ ਹੇਠਾਂ 1, ਸੈਕੰਡਰੀ 2, ਹਾਇਰ ਸੈਕੰਡਰੀ 3, ਗ੍ਰੈਜੂਏਟ 4, ਪੋਸਟ ਗ੍ਰੈਜੂਏਟ 5, ਐਮ. ਫਿਲ. ਜਾਂ ਪੀ.. ਐਚ. ਡੀ. 6, ਹੋਰ 7 ਲਿਖੋ।

**15.** **ਮੌਜੂਦਾ ਸਕੂਲ ਵਿਚ ਕੰਮ ਕਰਨ ਦਾ ਸਾਲ:-** ਉਹ ਸਾਲ ਜਦੋਂ ਤੋਂ ਅਧਿਆਪਕ ਮੌਜੂਦਾ ਸਕੂਲ ਵਿਚ ਪੜ੍ਹਾ ਰਿਹਾ ਹੈ।

**16.** **ਅਪਾਹਿਜ ਹੋਣ ਦੀ ਸੂਰਤ ਵਿਚ ਉਸ ਦੀ ਕਿਸਮ: ਕੋਈ ਨਹੀਂ (1), ਅਪਾਹਿਜ(2), ਦ੍ਰਿਸ਼ਟੀ ਪੱਖੋਂ ਅਪਾਹਿਜ (3), ਕੋਈ ਹੋਰ (4)।**

**17.** **ਅਪਾਹਿਜ ਬੱਚਿਆਂ ਨੂੰ ਪੜਾਉਣ ਲਈ ਵਿਸ਼ੇਸ਼ ਸਿੱਖਿਆ:** ਜੇਕਰ ਕੋਈ ਅਜਿਹੀ ਸਿੱਖਿਆ ਲਈ ਹੋਈ ਹੈ ਤਾਂ 1 ਲਿਖੋ, ਨਹੀਂ ਤਾਂ 2 ਲਿਖੋ।

18 **ਅਸਾਮੀ ਦੀ ਕਿਸਮ :–** ਸਪਸ਼ਟ ਦਰਸਾਇਆ ਜਾਵੇ ਕਿ ਅਧਿਆਪਕ ਰੈਗੂਲਰ (ਪੱਕਾ), ਕੰਟਰੈਕਟ (ਠੇਕੇ ਤੇ) ਜਾਂ ਐਡ–ਹੌਕ (ਤਦ ਅਰਥ) ਤੇ ਕੰਮ ਕਰ ਰਿਹਾ ਹੈ ।

19 **ਟੈਲੀਫੋਨ ਨੰਬਰ :–** ਅਧਿਆਪਕ ਦਾ ਟੈਲੀਫੋਨ ਜਾਂ ਮੋਬਾਈਲ ਨੰਬਰ।

## D. ਨਵੇਂ ਦਾਖਲੇ

1. **ਪਿਛਲੇ ਸਾਲ 30 ਸਤੰਬਰ ਤੋਂ ਬਾਅਦ ਨਵੇਂ ਦਾਖਲੇ (ਟਰਾਂਸਫਰ ਸਰਟੀਫਿਕੇਟ ਨਾਲ):–** ਹਰ ਜਮਾਤ ਵਿੱਚ ਪਿਛਲੇ ਵਿਦਿਅਕ ਸਾਲ ਦੇ 30 ਸਤੰਬਰ ਤੋਂ ਬਾਅਦ ਅਤੇ 31 ਮਾਰਚ ਤੋਂ ਪਹਿਲਾਂ ਟਰਾਂਸਫਰ ਸਰਟੀਫਿਕੇਟ ਦੇ ਅਧਾਰ ਤੇ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ।
2. **ਪਿਛਲੇ ਸਾਲ 30 ਸਤੰਬਰ ਤੋਂ ਬਾਅਦ ਨਵੇਂ ਦਾਖਲੇ (ਸਿੱਧੀ ਭਰਤੀ):–** ਹਰ ਜਮਾਤ ਵਿੱਚ ਪਿਛਲੇ ਵਿਦਿਅਕ ਸਾਲ ਦੇ 30 ਸਤੰਬਰ ਤੋਂ ਬਾਅਦ ਅਤੇ 31 ਮਾਰਚ ਤੋਂ ਪਹਿਲਾਂ ਸਿਧੇ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ। ਇਹ ਵਿਦਿਆਰਥੀ ਆਮ ਤੌਰ ਤੇ Dropout ਜਾਂ Never Enroled ਹੁੰਦੇ ਹਨ ਜੋ ਕਿ ਆਪਣੀ ਉਮਰ ਮੁਤਾਬਿਕ ਸਿਧੇ ਸਕੂਲ ਵਿਚ ਦਾਖਲਾ ਲੈ ਲੈਂਦੇ ਹਨ।
3. **ਇਸ ਸਾਲ 30 ਸਤੰਬਰ ਤੋਂ ਪਹਿਲਾਂ ਨਵੇਂ ਦਾਖਲੇ (ਟਰਾਂਸਫਰ ਸਰਟੀਫਿਕੇਟ ਨਾਲ):–** ਹਰ ਜਮਾਤ ਵਿੱਚ ਇਸ ਵਿਦਿਅਕ ਸਾਲ ਦੇ 1ਅਪ੍ਰੈਲ ਤੋਂ ਬਾਅਦ ਅਤੇ 30 ਸਤੰਬਰ ਤੋਂ ਪਹਿਲਾਂ ਟਰਾਂਸਫਰ ਸਰਟੀਫਿਕੇਟ ਦੇ ਅਧਾਰ ਤੇ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ।
4. **ਇਸ ਸਾਲ 30 ਸਤੰਬਰ ਤੋਂ ਪਹਿਲਾਂ ਨਵੇਂ ਦਾਖਲੇ (ਸਿੱਧੀ ਭਰਤੀ):–** ਹਰ ਜਮਾਤ ਵਿੱਚ ਇਸ ਵਿਦਿਅਕ ਸਾਲ ਦੇ 1ਅਪ੍ਰੈਲ ਤੋਂ ਬਾਅਦ ਅਤੇ 30 ਸਤੰਬਰ ਤੋਂ ਪਹਿਲਾਂ ਸਿਧੇ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ। ਇਹ ਵਿਦਿਆਰਥੀ ਆਮ ਤੌਰ ਤੇ Dropout ਜਾਂ Never Enroled ਹੁੰਦੇ ਹਨ ਜੋ ਕਿ ਆਪਣੀ ਉਮਰ ਮੁਤਾਬਿਕ ਸਿਧੇ ਸਕੂਲ ਵਿਚ ਦਾਖਲਾ ਲੈ ਲੈਂਦੇ ਹਨ।

### D(i) . ਪਹਿਲੀ ਜਮਾਤ ਵਿਚ ਵਿਦਿਆਰਥੀਆਂ ਦਾ ਦਾਖਲਾ :

- ਜਮਾਤ ਪਹਿਲੀ ਵਿਚ ਇਸ ਸਾਲ ਦਾਖਲ ਹੋਏ ਬੱਚਿਆਂ ਦੀ ਗਿਣਤੀ ਉਨ੍ਹਾਂ ਦੀ ਉਮਰ ਮੁਤਾਬਿਕ ਦੱਸੀ ਜਾਵੇ।
- ਉਪਰੋਕਤ ਪਹਿਲੀ ਜਮਾਤ ਦੇ ਵਿਦਿਆਰਥੀਆਂ ਵਿਚੋਂ ਕਿੰਨੇ ਪ੍ਰੀ–ਪ੍ਰਾਇਮਰੀ ਜਮਾਤਾਂ ਵਿਚ ਵੀ ਪੜ੍ਹ ਚੁੱਕੇ ਹਨ ਭਾਵ ਉਸੀ ਸਕੂਲ ਵਿਚ, ਕਿਸੀ ਹੋਰ ਸਕੂਲ ਵਿਚ ਜਾਂ ਆਂਗਨਵਾੜੀ/ਈ.ਸੀ.ਸੀ.ਈ. ਕੇਂਦਰਾਂ ਵਿਚ, ਬਾਰੇ ਵੀ ਦੱਸਿਆ ਜਾਵੇ।

## E. ਵਿਦਿਆਰਥੀਆਂ ਦਾ ਸਕੂਲਾਂ ਵਿੱਚ ਦਾਖਲਾ :

1. **ਜਮਾਤਾਂ ਵਿੱਚ ਸੈਕਸ਼ਨ** : ਸਕੂਲ ਵਿੱਚ ਇਕ ਜਮਾਤ ਦੇ ਸਾਰੇ ਵਿਦਿਆਰਥੀਆਂ ਦੀ ਸਿੱਖਿਆ ਦੀ ਸਹੂਲੀਅਤ ਲਈ ਖਾਸ ਕਰਕੇ ਜਦ ਦਾਖਲ ਵਿਦਿਆਰਥੀਆਂ ਦੀ ਗਿਣਤੀ ਚੋਖੀ ਹੋਵੇ ਤਾਂ ਜਮਾਤ ਨੂੰ ਗਰੁੱਪ ਵਿੱਚ ਵੰਡ ਦਿੱਤਾ ਜਾਂਦਾ ਹੈ। ਹਰੇਕ ਗਰੁੱਪ ਨੂੰ ਇਕ ਸੈਕਸ਼ਨਾਂ ਗਿਣਿਆ ਜਾਂਦਾ ਹੈ ਅਤੇ ਹਾਜ਼ਰੀ ਲਈ ਅਲਗ ਰਜਿਸਟਰ ਲਾਇਆ ਜਾਂਦਾ ਹੈ। ਇਕ ਜਮਾਤ ਵਿੱਚ ਗਿਣਤੀ ਅਨੁਸਾਰ ਇਕ ਜਾਂ ਇਕ ਤੋ ਵੱਧ ਸੈਕਸ਼ਨ ਹੋ ਸਕਦੇ ਹਨ।
2. **ਆਮ ਵਿਦਿਆਰਥੀ** : ਆਮ ਕੈਟੇਗਰੀ ਵਿੱਚ ਆਉਣ ਵਾਲੇ ਵਿਦਿਆਰਥੀਆਂ ਦਾ ਨੰਬਰ ਅਤੇ ਹੋਰ ਸੈਕਸ਼ਨ ਦੀ ਹਾਜ਼ਰੀ ਵੱਖਰੀ ਲੱਗਦੀ ਹੈ।
3. **ਅਨੁਸੂਚਿਤ ਸ਼੍ਰੇਣੀਆਂ ਦੇ ਵਿਦਿਆਰਥੀ** : ਸਰਕਾਰ ਦੇ ਆਦੇਸ਼ ਅਨੁਸਾਰ ਅਨੁਸੂਚਿਤ ਸ਼੍ਰੇਣੀਆਂ ਦੇ ਕੁਲ ਵਿਦਿਆਰਥੀ ਦੱਸੋ।
4. **ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀ** : ਸਰਕਾਰੀ ਆਦੇਸ਼ਾਂ ਅਨੁਸਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀ।
5. **ਹੋਰ ਪੱਛੜੇ ਵਰਗ:–** ਕਿਸੀ ਹੋਰ ਪਿਛੜੇ ਵਰਗ ਦੇ ਵਿਦਿਆਰਥੀ।
6. **ਮੁਸਲਮਾਨ ਘੱਟ ਗਿਣਤੀ ਵਿਦਿਆਰਥੀ:–** ਮੁਸਲਮਾਨ ਵਿਦਿਆਰਥੀ ਜਿਵੇਂ ਕਿ ਭਾਰਤ ਸਰਕਾਰ ਦੇ ਆਦੇਸ਼ ਹਨ।

## F. ਚਾਲੂ ਵਿਦਿਅਕ ਸੈਸ਼ਨ ਵਿੱਚ ਦਾਖਲੇ (ਉਮਰ ਮੁਤਾਬਕ)

1. **ਦਾਖਲੇ:–** 30 ਸਤੰਬਰ ਨੂੰ ਸਕੂਲ ਰਜਿਸਟਰਾਂ ਮੁਤਾਬਕ ਕੁਲ ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ ਜਿਸ ਵਿੱਚ ਸਕੂਲ ਆਮ ਰਜਿਸਟਰਾਂ ਮੁਤਾਬਕ ਐਸ.ਸੀ., ਐਸ.ਟੀ., ਓ.ਬੀ.ਸੀ., ਦੀ ਗਿਣਤੀ ਵੀ ਸ਼ਾਮਿਲ ਕਰ ਲਈ ਜਾਵੇ। ਇਸ ਟੇਬਲ ਵਿਚ ਦਰਸਾਏ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਟੇਬਲ ਨੰ "ਈ" ਨਾਲ ਮੇਲ ਖਾਂਦੀ ਹੋਵੇ।
2. **ਮੁਕੰਮਲ ਸਾਲਾਂ ਵਿੱਚ ਉਮਰ** : ਵਿਦਿਆਰਥੀਆਂ ਦੀ ਉਮਰ 30 ਸਤੰਬਰ ਨੂੰ ਸਕੂਲੀ ਦਸਤਾਵੇਜ਼ਾਂ ਮੁਤਾਬਕ ਜਨਮ ਮਿਤੀ ਅਨੁਸਾਰ ਕੱਢੀ ਜਾਵੇ। ਹਰ ਬੱਚੇ ਦੀ ਉਮਰ 30 ਸਤੰਬਰ ਨੂੰ ਪੂਰੇ ਸਾਲਾਂ ਵਿੱਚ ਕੱਢੀ ਜਾਵੇ।

## G. ਦਾਖਲੇ ਮੌਜੂਦਾ ਵਿਦਿਅਕ ਸੈਸ਼ਨ ਵਿੱਚ (ਸਿੱਖਿਆ ਮਾਧਿਅਮ ਅਨੁਸਾਰ)

ਇਸ ਸੂਚੀ ਵਿੱਚ ਵਿਦਿਆਰਥੀਆਂ ਦੀ ਗਿਣਤੀ ਸਿੱਖਿਆ ਮਾਧਿਅਮ, ਜਮਾਤ ਅਤੇ ਲਿੰਗ ਅਨੁਸਾਰ ਦੱਸਣੀ ਹੋਵੇਗੀ। ਸਿੱਖਿਆ ਮਾਧਿਅਮ ਲੜੀ ਏ–24 ਵਿੱਚ ਦੱਸੇ ਮੁੱਲਾਂ ਅਨੁਸਾਰ ਹੋਵੇ।

## H. ਉਸੇ ਜਮਾਤ ਵਿੱਚ ਦੁਬਾਰਾ ਸ਼ਾਮਿਲ ਹੋਣਾ ਅਤੇ ਦੁਬਾਰਾ ਦਾਖਲੇ (ਚਾਲੂ ਸਾਲ)

1. **ਕੈਟੇਗਰੀ ਮੁਤਾਬਕ ਦੁਬਾਰਾ ਦਾਖਲ ਵਿਦਿਆਰਥੀਆਂ ਦਾ ਵੇਰਵਾ** : ਇਹ ਉਹ ਵਿਦਿਆਰਥੀ ਹਨ ਜਿਹੜੇ ਇੱਕੋ ਜਮਾਤ ਵਿੱਚ ਸਾਲ ਤੋਂ ਵੱਧ ਸਮਾਂ ਪੜ੍ਹਦੇ ਰਹਿੰਦੇ ਹਨ

**ਦੁਬਾਰਾ ਦਾਖਲ ਹੋਣ ਵਾਲੇ ਵਿਦਿਆਰਥੀਆਂ ਦਾ ਵੇਰਵਾ ਜਮਾਤ ਅਤੇ ਕੈਟੇਗਰੀ ਮੁਤਾਬਕ ਦਿੱਤਾ ਜਾਵੇ। ਇਹ ਸੂਚਨਾ** ਆਮ, ਅਨੁਸੂਚਿਤ ਸ਼੍ਰੇਣੀਆ, ਅਨੁਸੂਚਿਤ ਜਾਤੀਆਂ, ਦੂਜੀਆਂ ਪਛੜੀਆਂ ਸ਼੍ਰੇਣੀਆਂ ਅਤੇ ਮੁਸਲਮਾਨ ਵਿਦਿਆਰਥੀਆਂ ਦੇ ਸਬੰਧ ਵਿਚ ਦੇਣੀ ਬਣਦੀ ਹੈ।

2. **ਦੁਬਾਰਾ ਦਾਖਲ ਹੋਏ ਮੁਸਲਿਮ ਵਿਦਿਆਰਥੀ** : ਮੁਸਲਿਮ ਵਿਦਿਆਰਥੀ ਜੋ ਇੱਕੋ ਜਮਾਤ ਵਿੱਚ ਸਾਲ ਤੋਂ ਵੱਧ ਸਮਾਂ ਪੜ੍ਹਦੇ ਰਹੇ ਹਨ ਦੀ ਗਿਣਤੀ ਦੱਸੀ ਜਾਵੇ।

## I. ਪ੍ਰੋਤਸਾਹਨ ਪਿਛਲਾ ਵਿਦਿਅਕ ਵਰ੍ਹਾ : ਪ੍ਰਾਇਮਰੀ ਜਮਾਤਾਂ

ਇਹ ਸੂਚਨਾ ਅਨੁਸੂਚਿਤ ਸ਼੍ਰੇਣੀ, ਅਨੁਸੂਚਿਤ ਜਾਤੀ, ਓ.ਬੀ.ਸੀ. ਅਤੇ ਆਮ ਵਿਦਿਆਰਥੀਆਂ ਸਬੰਧੀ ਦਰਜ਼ ਕੀਤੀ ਜਾਣੀ ਚਾਹੀਦੀ ਹੈ।

1. **ਮੁਫਤ ਕਿਤਾਬਾਂ** : ਕਿੰਨਿਆਂ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਪਿਛਲੇ ਸਾਲ ਮੁਫਤ ਪਾਠ ਪੁਸਤਕਾਂ ਦਿੱਤੀਆਂ ਗਈਆਂ, ਇੱਥੇ ਦਰਸਾਇਆ ਜਾਵੇ।
2. **ਮੁਫਤ ਸਟੇਸ਼ਨਰੀ** : ਕਿੰਨੇ ਵਿਦਿਆਰਥੀਆਂ ਨੂੰ ਮੁਫਤ ਸਟੇਸ਼ਨਰੀ ਜਿਵੇਂ ਕਿ ਪੈਨ, ਪੈਨਸਿਲਾਂ, ਕਾਪੀਆਂ ਆਦਿ ਦਿੱਤੀਆਂ ਗਈਆਂ। ਇਹ ਸੂਚਨਾ ਦਰਜ਼ ਕੀਤੀ ਜਾਵੇ।
3. **ਮੁਫਤ ਸਕੂਲ ਵਰਦੀ** : ਪਿਛਲੇ ਸਾਲ ਸੈਸ਼ਨ ਵਿੱਚ ਕਿੰਨੇ ਵਿਦਿਆਰਥੀਆਂ ਨੂੰ ਮੁਫ਼ਤ ਸਕੂਲ ਵਰਦੀਆਂ ਦਿੱਤੀਆਂ ਗਈਆਂ।
4. **ਹਾਜਰੀ ਵਜ਼ੀਫਾ** : ਵਿਦਿਆਰਥੀਆਂ ਦਾ ਨੰਬਰ ਦੱਸਿਆ ਜਾਵੇ ਜਿਨ੍ਹਾਂ ਨੂੰ ਵਜ਼ੀਫਾ ਦਿੱਤਾ ਗਿਆ। (ਜੇਕਰ ਲਾਗੂ ਹੋਵੇ ਤਾਂ)।
5. **ਢੋਆ ਢੁਆਈ ਦੀ ਸਹੂਲਤ** : ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ ਜਿਨ੍ਹਾਂ ਨੂੰ ਪਿਛਲੇ ਸਾਲ ਦੋਰਾਨ ਢੋਆ ਢੁਆਈ ਦੀ ਸਹੂਲਤ ਦਿੱਤੀ ਗਈ ਹੈ।
6. **ਰਿਹਾਇਸ਼ ਦੀ ਸਹੂਲਤ** : ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ ਜਿਨ੍ਹਾਂ ਨੂੰ ਪਿਛਲੇ ਸਾਲ ਦੋਰਾਨ ਰਿਹਾਇਸ਼ ਦੀ ਸਹੂਲਤ ਦਿੱਤੀ ਗਈ ਹੈ।

## J. ਪ੍ਰੋਤਸਾਹਨ ਪਿਛਲੇ ਵਿਦਿਅਕ ਸਾਲ ਉੱਚ-ਪ੍ਰਾਇਮਰੀ ਜਮਾਤਾਂ ਵਾਸਤੇ

ਇਹ ਸੂਚਨਾ ਵੀ ਅਨੁਸੂਚਿਤ ਸ਼੍ਰੇਣੀਆਂ, ਅਨੁਸੂਚਿਤ ਜਾਤੀ, ਸਬ ਸ਼੍ਰੇਣੀਆਂ ਅਤੇ ਆਮ ਵਿਦਿਆਰਥੀਆਂ ਲਈ ਦਰਜ਼ ਕੀਤੀ ਜਾਵੇ।

1. **ਮੁਫਤ ਕਿਤਾਬਾਂ** : ਕਿੰਨਿਆਂ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਪਿਛਲੇ ਸਾਲ ਮੁਫਤ ਪਾਠ ਪੁਸਤਕਾਂ ਦਿੱਤੀਆਂ ਗਈਆਂ, ਇੱਥੇ ਦਰਸਾਇਆ ਜਾਵੇ।
2. **ਮੁਫਤ ਸਟੇਸ਼ਨਰੀ** : ਕਿੰਨੇ ਵਿਦਿਆਰਥੀਆਂ ਨੂੰ ਮੁਫਤ ਸਟੇਸ਼ਨਰੀ ਜਿਵੇਂ ਕਿ ਪੈਨ, ਪੈਨਸਿਲਾਂ, ਕਾਪੀਆਂ ਆਦਿ ਦਿੱਤੀਆਂ ਗਈਆਂ। ਇਹ ਸੂਚਨਾ ਦਰਜ਼ ਕੀਤੀ ਜਾਵੇ।
3. **ਮੁਫਤ ਸਕੂਲ ਵਰਦੀ** : ਪਿਛਲੇ ਸਾਲ ਸੈਸ਼ਨ ਵਿੱਚ ਕਿੰਨੇ ਵਿਦਿਆਰਥੀਆਂ ਨੂੰ ਮੁਫ਼ਤ ਸਕੂਲ ਵਰਦੀਆਂ ਦਿੱਤੀਆਂ ਗਈਆਂ।
4. **ਹਾਜਰੀ ਵਜ਼ੀਫਾ** : ਵਿਦਿਆਰਥੀਆਂ ਦਾ ਨੰਬਰ ਦੱਸਿਆ ਜਾਵੇ ਜਿਨ੍ਹਾਂ ਨੂੰ ਵਜ਼ੀਫਾ ਦਿੱਤਾ ਗਿਆ। (ਜੇਕਰ ਲਾਗੂ ਹੋਵੇ ਤਾਂ)।
5. **ਢੋਆ ਢੁਆਈ ਦੀ ਸਹੂਲਤ** : ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ ਜਿਨ੍ਹਾਂ ਨੂੰ ਪਿਛਲੇ ਸਾਲ ਦੋਰਾਨ ਢੋਆ ਢੁਆਈ ਦੀ ਸਹੂਲਤ ਦਿੱਤੀ ਗਈ ਹੈ।
6. **ਰਿਹਾਇਸ਼ ਦੀ ਸਹੂਲਤ** : ਵਿਦਿਆਰਥੀਆਂ ਦੀ ਗਿਣਤੀ ਦੱਸੀ ਜਾਵੇ ਜਿਨ੍ਹਾਂ ਨੂੰ ਪਿਛਲੇ ਸਾਲ ਦੋਰਾਨ ਰਿਹਾਇਸ਼ ਦੀ ਸਹੂਲਤ ਦਿੱਤੀ ਗਈ ਹੈ।

## K. ਅਪਾਹਿਜ ਬੱਚੇ

ਵੱਖ-ਵੱਖ ਸਰੀਰਕ ਕਮਜ਼ੋਰੀਆਂ ਵਾਲੇ ਬੱਚਿਆਂ ਦੀ ਵੰਡ ਨੂੰ ਇਸ ਸੂਚੀ ਵਿੱਚ ਜਮਾਤ ਅਨੁਸਾਰ ਦਰਸਾਇਆ ਜਾਵੇ।

1. ਬਿਨਾ ਦ੍ਰਿਸ਼ਟੀ ਵਾਲੇ ਵਿਦਿਆਰਥੀ (Blindness)
2. ਸੁਨਣ ਪੱਖੋਂ ਕਮਜੋਰ ਵਿਦਿਆਰਥੀ (Hearing)
3. ਬੋਲਣ ਪੱਖੋਂ ਕਮਜੋਰ ਵਿਦਿਆਰਥੀ (Speach)
4. ਚੱਲਣ ਫਿਰਨ ਵਿਚ ਦਿੱਕਤ (Physically Handicapped)
5. ਦਿਮਾਗੀ ਤੌਰ ਤੇ ਕਮਜੋਰ ਵਿਦਿਆਰਥੀ (Mental Retardation)
6. ਸ਼ਰੀਰ ਦਾ ਅਕੜਨਾ (Cerebral palsy)
7. ਸਵੈ-ਲੀਨਤਾ ਭਾਵ ਆਪਣੇ ਆਪ ਵਿਚ ਮਸਤ ਰਹਿਣਾ (Autism)
8. ਇਕ ਤੋਂ ਵੱਧ ਅੰਗਹੀਣਤਾ (Multiple disability)

**L. ਅਪਾਹਿਜ ਬੱਚਿਆਂ ਨੂੰ ਪਿਛਲੇ ਸਾਲ ਦਿੱਤੀਆਂ ਗਈਆਂ ਸਹੂਲਤਾਂ ਦਾ ਵੇਰਵਾ**

ਵੱਖ-ਵੱਖ ਸਰੀਰਕ ਕਮਜ਼ੋਰੀਆਂ ਵਾਲੇ ਬੱਚਿਆਂ ਦੀ ਵੰਡ ਉਨ੍ਹਾਂ ਨੂੰ ਪਿਛਲੇ ਸਾਲ ਦਿੱਤੀਆਂ ਗਈਆਂ ਸਹੂਲਤਾਂ ਅਨੁਸਾਰ ਕੀਤੀ ਜਾਵੇ।

1. ਬਿਨਾ ਦ੍ਰਿਸ਼ਟੀ ਵਾਲੇ ਵਿਦਿਆਰਥੀ ਲਈ (Brail Books)
2. ਬਿਨਾ ਦ੍ਰਿਸ਼ਟੀ ਵਾਲੇ ਵਿਦਿਆਰਥੀ ਲਈ (Brail Kit)
3. ਘੱਟ ਦ੍ਰਿਸ਼ਟੀ ਵਾਲੇ ਵਿਦਿਆਰਥੀ ਲਈ (Low vision kit)
4. ਸੁਨਣ ਪੱਖੋਂ ਕਮਜੋਰ ਵਿਦਿਆਰਥੀ (Hearing aid)
5. ਫੌੜੀਆਂ (Braces)
6. ਫੌੜੀਆਂ (Crutches)
7. ਚੱਲਣ ਵਾਲੀ ਕੁਰਸੀ (Wheel Chair)
8. ਤਿੰਨ ਪਹੀਆਂ ਵਾਲੀ ਸਾਇਕਲ (Tri-Cycle)
9. ਪੋਲੀਓ ਆਦਿ ਤੋਂ ਪੀੜਤ ਬੱਚਿਆਂ ਦੇ ਪੈਰਾਂ ਲਈ (Caliper)

**M. ਪਿਛਲੇ ਸਾਲ ਦੋਰਾਨ ਜਮਾਤ ਅਨੁਸਾਰ ਬੱਚਿਆਂ ਦੀ ਗਿਣਤੀ ਅਤੇ ਹਾਜਰੀ**

ਪਿਛਲੇ ਸਾਲ ਦੋਰਾਨ ਸਕੂਲ ਵਿਚ ਬੱਚਿਆਂ ਦੀ ਜਮਾਤ ਅਨੁਸਾਰ ਗਿਣਤੀ ਅਤੇ ਜਮਾਤ ਅਨੁਸਾਰ ਬੱਚਿਆਂ ਦੀ ਪੂਰੇ ਸਾਲ ਦੀ ਹਾਜਰੀ ਦੱਸੀ ਜਾਵੇ।

**ਪੂਰੇ ਸਾਲ ਦੀ ਹਾਜਰੀ ਤੋਂ ਭਾਵ ਜੇਕਰ ਇੱਕ ਸਕੂਲ ਵਿਚ ਚਾਰ ਬੱਚੇ ਪੜਦੇ ਹਨ ਅਤੇ ਪਹਿਲਾ ਬੱਚਾ ਸਾਲ ਵਿਚ 210 ਦਿਨ, ਦੂਜਾ ਬੱਚਾ 222 ਦਿਨ, ਤੀਜਾ ਬੱਚਾ 200 ਦਿਨ ਅਤੇ ਚੌਥਾ ਬੱਚਾ 205 ਦਿਨ ਸਕੂਲ ਆਉਂਦਾ ਹੈ ਤਾਂ ਉਸ ਜਮਾਤ ਵਿਚ ਬੱਚਿਆਂ ਦੀ ਸਲਾਨਾ ਹਾਜਰੀ 837 ਹੋਵੇਗੀ।**